


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Ludhiana, Sunday 01 March, 2026 Ludhiana, Sunday 01 March, 2026 website: www.cee7news.com

## ਇਜ਼ਰਾਈਲ ਨੇ ਇਰਾਨ ਦੀ ਰਾਜਧਾਨੀ ਤਹਿਰਾਨ ਅਤੇ ਹੋਰ ਕਈ ਸ਼ਹਿਰਾਂ 'ਤੇ ਵੱਡੇ ਪੱਧਰ 'ਤੇ ਮਿਜ਼ਾਈਲ ਹਮਲੇ ਕੀਤੇ ਹਨ।



ਇਜ਼ਰਾਈਲ ਨੇ ਇਰਾਨ ਦੀ ਰਾਜਧਾਨੀ ਤਹਿਰਾਨ ਅਤੇ ਹੋਰ ਕਈ ਸ਼ਹਿਰਾਂ 'ਤੇ ਵੱਡੇ ਪੱਧਰ 'ਤੇ ਮਿਜ਼ਾਈਲ ਹਮਲੇ ਕੀਤੇ ਹਨ। ਇਹ ਹਮਲਾ 28 ਫਰਵਰੀ 2026 ਨੂੰ ਸਵੇਰੇ ਹੋਇਆ, ਜਿਸ ਨਾਲ ਮੱਧ ਪੂਰਬ ਵਿੱਚ ਤਣਾਅ ਹੋਰ ਵਧ ਗਿਆ ਹੈ। ਇਜ਼ਰਾਈਲ ਨੇ ਇਸ ਨੂੰ "ਪ੍ਰੀ-ਐਂਪਟਿਵ ਸਟ੍ਰਾਈਕ" ਦੱਸਿਆ ਹੈ, ਭਾਵ ਪਹਿਲਾਂ ਹੀ ਖ਼ਤਰੇ ਨੂੰ ਖਤਮ ਕਰਨ ਲਈ ਕੀਤਾ ਗਿਆ ਹਮਲਾ। ਅਮਰੀਕਾ ਨੇ ਵੀ ਇਸ ਵਿੱਚ ਸਹਿਯੋਗ ਦਿੱਤਾ ਅਤੇ ਇਸ ਨੂੰ "ਮੇਜਰ ਕੰਬੈਟ ਆਪਰੇਸ਼ਨਜ਼" ਦਾ ਨਾਂ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵੀਡੀਓ ਜਾਰੀ ਕਰਕੇ ਕਿਹਾ ਕਿ ਇਹ ਹਮਲੇ ਇਰਾਨ ਦੀ ਮਿਜ਼ਾਈਲ ਉਦਯੋਗ, ਨੇਵੀ ਅਤੇ ਨਿਊਕਲੀਅਰ ਖ਼ਤਰੇ ਨੂੰ ਖਤਮ ਕਰਨ ਲਈ ਹਨ। ਉਨ੍ਹਾਂ ਨੇ ਇਰਾਨੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਸਰਕਾਰ ਨੂੰ ਬਦਲਣ ਦਾ ਮੌਕਾ ਲੈਣ।ਪੰਜਾਬੀ ਟ੍ਰਿਬਿਊਨ ਦੀ ਖ਼ਬਰ ਅਨੁਸਾਰ, ਤਹਿਰਾਨ ਵਿੱਚ ਕਈ ਥਾਵਾਂ 'ਤੇ ਵਿਸਫੋਟ ਹੋਏ, ਅੱਗ ਲੱਗ ਗਈ ਅਤੇ ਧੂੰਏਂ ਦੇ ਬੱਦਲ ਉੱਠੇ। ਹਮਲੇ ਸੁਪਰੀਮ ਲੀਡਰ ਅਲੀ ਖਾਮਨੇਈ ਦੇ ਦਫ਼ਤਰ ਨੇੜੇ, ਜਮਹੂਰੀ ਏਰੀਆ ਅਤੇ ਯੂਨੀਵਰਸਿਟੀ ਸਟਰੀਟ ਵਰਗੀਆਂ ਜਗ੍ਹਾਵਾਂ 'ਤੇ ਹੋਏ। ਇਰਾਨ ਨੇ ਆਪਣਾ ਹਵਾਈ ਖੇਤਰ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਅਤੇ ਮੋਬਾਈਲ ਫੋਨ ਸੇਵਾਵਾਂ ਸਸਪੈਂਡ ਕਰ ਦਿੱਤੀਆਂ। ਹਸਪਤਾਲਾਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ। ਇਰਾਨ ਦੇ ਡਿਫੈਂਸ ਮਿਨਿਸਟਰ ਨੇ ਕਿਹਾ ਕਿ ਇਹ ਸੈਲਫ-ਡਿਫੈਂਸ ਵਿੱਚ ਮਿਜ਼ਾਈਲ ਹਮਲਾ ਕੀਤਾ ਗਿਆ ਹੈ ਅਤੇ ਜਲਦੀ ਹੀ ਜਵਾਬੀ ਕਾਰਵਾਈ ਹੋਵੇਗੀ।ਇਜ਼ਰਾਈਲ ਵਿੱਚ ਏਅਰ ਰੇਡ ਸਾਇਰਨ ਵੱਜੇ ਅਤੇ ਲੋਕਾਂ ਨੂੰ ਸੁਰੱਖਿਅਤ ਜਗ੍ਹਾਵਾਂ 'ਤੇ ਰਹਿਣ ਲਈ ਕਿਹਾ ਗਿਆ। ਇਰਾਨ ਨੇ ਇਜ਼ਰਾਈਲ ਵੱਲ ਅਤੇ ਖਾੜੀ ਦੇਸ਼ਾਂ ਵਿੱਚ ਅਮਰੀਕੀ ਬੇਸਾਂ 'ਤੇ ਮਿਜ਼ਾਈਲਾਂ ਦਾਗੀਆਂ। ਯੂਏਈ, ਕੁਵੈਤ, ਬਹਿਰੀਨ, ਕਤਰ ਵਿੱਚ ਵੀ ਵਿਸਫੋਟਾਂ ਦੀਆਂ ਰਿਪੋਰਟਾਂ ਆਈਆਂ। ਇਹ ਹਮਲਾ ਅਮਰੀਕਾ-ਇਰਾਨ ਨਿਊਕਲੀਅਰ ਗੱਲਬਾਤ ਦੌਰਾਨ ਹੋਇਆ, ਜਿਸ ਨਾਲ ਗੱਲਬਾਤ ਫੇਲ੍ਹ ਹੋ ਗਈ। ਇਜ਼ਰਾਈਲ ਦੇ ਡਿਫੈਂਸ ਮਿਨਿਸਟਰ ਇਜ਼ਰਾਈਲ ਕੈਟਜ਼ ਨੇ ਕਿਹਾ ਕਿ ਇਹ ਇਰਾਨ ਦੇ ਵਧਦੇ ਮਿਜ਼ਾਈਲ ਖ਼ਤਰੇ ਨੂੰ ਰੋਕਣ ਲਈ ਜ਼ਰੂਰੀ ਸੀ।ਇਹ ਘਟਨਾ ਮੱਧ ਪੂਰਬ ਵਿੱਚ ਵੱਡੇ ਯੁੱਧ ਦੀ ਸਥਿਤੀ ਪੈਦਾ ਕਰ ਰਹੀ ਹੈ। ਕਈ ਦੇਸ਼ ਚਿੰਤਤ ਹਨ ਕਿ ਇਹ ਖੇਤਰੀ ਯੁੱਧ ਵੱਲ ਜਾ ਸਕਦਾ ਹੈ। ਭਾਰਤ ਨੇ ਇਜ਼ਰਾਈਲ ਵਿੱਚ ਰਹਿੰਦੇ ਆਪਣੇ ਨਾਗਰਿਕਾਂ ਲਈ ਸਾਵਧਾਨੀ ਦੀ ਸਲਾਹ ਜਾਰੀ ਕੀਤੀ ਹੈ। ਇਰਾਨ ਦੇ ਸੁਪਰੀਮ ਲੀਡਰ ਨੂੰ ਸੁਰੱਖਿਅਤ ਜਗ੍ਹਾ 'ਤੇ ਭੇਜਿਆ ਗਿਆ। ਹਾਲਾਂਕਿ ਅਜੇ ਤੱਕ ਮੌਤਾਂ ਜਾਂ ਨੁਕਸਾਨ ਦੀ ਪੂਰੀ ਜਾਣਕਾਰੀ ਨਹੀਂ ਮਿਲੀ, ਪਰ ਤਹਿਰਾਨ।

ਬਰਨਾਲਾ **ਰਾਹੁਲ ਗਾਂਧੀ ਨੇ ਬਰਨਾਲਾ ਵਿੱਚ ਕਿਸਾਨ ਮਹਾਪੰਚਾਇਤ ਰੈਲੀ ਨੂੰ ਸੰਬੋਧਨ ਕਰਦਿਆਂ**

# ਰਾਹੁਲ ਗਾਂਧੀ ਨੇ ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਭਾਰਤੀ ਕਿਸਾਨਾਂ ਲਈ ਤਬਾਹੀ ਦਾ ਕਾਰਨ ਦੱਸਿਆ ਹੈ।

ਬਰਨਾਲਾ ਰਾਹੁਲ ਗਾਂਧੀ ਨੇ ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਭਾਰਤੀ ਕਿਸਾਨਾਂ ਲਈ ਤਬਾਹੀ ਦਾ ਕਾਰਨ ਦੱਸਿਆ ਹੈ। ਛਪੀ ਖ਼ਬਰ ਮੁਤਾਬਕ, ਰਾਹੁਲ ਗਾਂਧੀ ਨੇ ਬਰਨਾਲਾ ਵਿੱਚ ਕਿਸਾਨ ਮਹਾਪੰਚਾਇਤ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਤਿੱਖਾ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਇਹ ਅੰਤਰਿਮ ਵਪਾਰ ਸੌਦਾ ਭਾਰਤੀ ਖੇਤੀਬਾੜੀ ਨੂੰ ਖਤਰੇ ਵਿੱਚ ਪਾ ਰਿਹਾ ਹੈ ਅਤੇ ਕਿਸਾਨਾਂ ਨੂੰ ਬਰਬਾਦ ਕਰ ਦੇਵੇਗਾ।

ਰੈਲੀ ਵਿੱਚ ਮੌਜੂਦ ਸੀਨੀਅਰ ਕਾਂਗਰਸ ਆਗੂਆਂ ਵਿੱਚ ਕੇਸੀ ਵੇਣੂਗੋਪਾਲ, ਭੂਪੇਸ਼ ਬਘੇਲ, ਅਮਰਿੰਦਰ ਸਿੰਘ ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ, ਚਰਨਜੀਤ ਸਿੰਘ ਚੰਨੀ, ਰਾਜਿੰਦਰ ਕੌਰ ਭੱਟਲ, ਸੁਖਜਿੰਦਰ ਰੰਧਾਵਾ ਅਤੇ ਵਿਜੇ ਇੰਦਰ ਸਿੰਗਲਾ ਸ਼ਾਮਲ ਸਨ। ਰਾਹੁਲ ਗਾਂਧੀ ਨੇ ਦੱਸਿਆ ਕਿ ਇਹ ਸੌਦਾ ਚਾਰ ਮਹੀਨਿਆਂ ਤੱਕ ਖੇਤੀਬਾੜੀ ਸੈਕਟਰ ਖੋਲ੍ਹਣ ਦੇ ਵਿਵਾਦ ਕਾਰਨ ਰੁਕਿਆ ਰਿਹਾ ਸੀ, ਪਰ ਅਚਾਨਕ 15 ਮਿੰਟਾਂ ਵਿੱਚ ਫਾਈਨਲ ਕਰ ਦਿੱਤਾ ਗਿਆ। ਉਨ੍ਹਾਂ ਸਵਾਲ ਉਠਾਇਆ ਕਿ ਇਸ ਫੈਸਲੇ ਵਿੱਚ ਕੈਬਨਿਟ, ਖੇਤੀਬਾੜੀ ਮੰਤਰੀ, ਰੱਖਿਆ ਮੰਤਰੀ ਜਾਂ ਵਿਦੇਸ਼ ਮੰਤਰੀ ਨਾਲ ਵੀ ਸਲਾਹ ਨਹੀਂ ਕੀਤੀ ਗਈ।

ਰਾਹੁਲ ਗਾਂਧੀ ਦਾ ਮੁੱਖ ਦੋਸ਼ ਇਹ ਸੀ ਕਿ ਪ੍ਰਧਾਨ ਮੰਤਰੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਗਰੰਟੀ ਦਿੱਤੀ ਹੈ ਕਿ ਭਾਰਤ ਹਰ ਸਾਲ 9 ਲੱਖ ਕਰੋੜ ਰੁਪਏ (ਲਗਭਗ 9 ਬਿਲੀਅਨ ਡਾਲਰ) ਦੇ ਅਮਰੀਕੀ ਪ੍ਰੋਡਕਟ ਖਰੀਦੇਗਾ। ਇਸ ਨਾਲ ਛੋਟੇ ਤੇ ਮੱਧਮ ਵਰਗ ਦੇ ਉਦਯੋਗ ਖਤਮ ਹੋ ਜਾਣਗੇ। ਖਾਸ ਤੌਰ 'ਤੇ ਖੇਤੀਬਾੜੀ ਵਿੱਚ ਅਮਰੀਕਾ ਤੋਂ ਸੋਇਆਬੀਨ, ਮੱਕੀ, ਕਪਾਹ, ਫਲ ਅਤੇ ਬਦਾਮ ਵਰਗੇ ਉਤਪਾਦ ਭਾਰਤ ਵਿੱਚ ਆਸਾਨੀ ਨਾਲ ਆ ਜਾਣਗੇ, ਜਿਸ ਨਾਲ ਸਥਾਨਕ ਕਿਸਾਨਾਂ ਦੀ ਫਸਲਾਂ ਦੀ ਕੀਮਤ ਡਿੱਗ ਜਾਵੇਗੀ ਅਤੇ ਉਹ ਬਰਬਾਦ ਹੋ ਜਾਣਗੇ।



ਰਾਹੁਲ ਗਾਂਧੀ ਨੇ ਬਰਨਾਲਾ ਵਿੱਚ ਕਿਸਾਨ ਮਹਾਪੰਚਾਇਤ ਰੈਲੀ ਨੂੰ ਸੰਬੋਧਨ ਕਰਦਿਆਂ

ਉਨ੍ਹਾਂ ਕਿਹਾ, "ਨਰਿੰਦਰ ਮੋਦੀ ਜੀ ਨੇ ਖੇਤੀਬਾੜੀ ਸੈਕਟਰ ਦਾ ਦਰਵਾਜ਼ਾ ਖੋਲ੍ਹ ਦਿੱਤਾ ਹੈ। ਹਿਮਾਚਲ ਪ੍ਰਦੇਸ਼, ਪੰਜਾਬ, ਹਰਿਆਣਾ, ਮੱਧ ਪ੍ਰਦੇਸ਼, ਮਹਾਰਾਸ਼ਟਰ, ਰਾਜਸਥਾਨ, ਛੱਤੀਸਗੜ੍ਹ, ਓਡੀਸ਼ਾ ਦੇ ਸਾਰੇ ਰਾਜਾਂ ਦੇ ਕਿਸਾਨ ਬਰਬਾਦ ਹੋ ਜਾਣਗੇ।" ਰਾਹੁਲ ਗਾਂਧੀ ਨੇ ਚੇਤਾਵਨੀ ਦਿੱਤੀ ਕਿ ਅਮਰੀਕੀ ਖੇਤੀਬਾੜੀ ਮਸ਼ੀਨਰੀ ਨਾਲ ਚੱਲਦੀ ਹੈ ਅਤੇ ਉੱਥੋਂ ਸਸਤੇ ਦਰਾਂ 'ਤੇ ਆਉਣ ਵਾਲੀਆਂ ਫਸਲਾਂ ਨਾਲ ਭਾਰਤੀ ਕਿਸਾਨ ਮੁਕਾਬਲਾ ਨਹੀਂ ਕਰ ਸਕਣਗੇ। ਇਹ ਗ੍ਰੀਨ ਰੈਵੋਲਿਊਸ਼ਨ ਅਤੇ ਵਾਈਟ ਰੈਵੋਲਿਊਸ਼ਨ ਨੂੰ ਖਤਰੇ ਵਿੱਚ ਪਾ ਦੇਵੇਗਾ, ਜਿਸ ਨਾਲ ਭਾਰਤ ਨੇ ਆਪਣੀ ਖੁਰਾਕ ਸੁਰੱਖਿਆ ਹਾਸਲ ਕੀਤੀ ਸੀ।

ਊਰਜਾ ਸੁਰੱਖਿਆ 'ਤੇ ਵੀ ਚਿੰਤਾ ਜਤਾਈ ਗਈ। ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ ਮੋਦੀ ਨੇ ਟਰੰਪ ਨੂੰ ਵਾਅਦਾ ਕੀਤਾ ਹੈ ਕਿ ਭਾਰਤ ਰੂਸ ਜਾਂ ਈਰਾਨ ਤੋਂ ਤੇਲ ਨਹੀਂ ਖਰੀਦੇਗਾ, ਸਗੋਂ ਵੈਨੇਜ਼ੁਏਲਾ, ਅਮਰੀਕਾ ਅਤੇ ਸਾਊਦੀ ਅਰਬ ਤੋਂ ਖਰੀਦੇਗਾ। ਇਸ ਨਾਲ ਭਾਰਤ ਦੀ ਊਰਜਾ ਸੁਰੱਖਿਆ ਖਤਮ ਹੋ ਜਾਵੇਗੀ ਅਤੇ ਅਮਰੀਕਾ ਭਾਰਤ ਦੀ ਵਿਦੇਸ਼ ਨੀਤੀ 'ਤੇ ਕੰਟਰੋਲ ਕਰ ਲਵੇਗਾ। ਉਨ੍ਹਾਂ ਕਿਹਾ, "ਜੇ ਅਮਰੀਕਾ ਕਹੇਗਾ ਤਾਂ ਅਸੀਂ ਰੂਸ ਤੋਂ ਤੇਲ ਨਹੀਂ ਲਵਾਂਗੇ,

ਰਾਹੁਲ ਗਾਂਧੀ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਨੂੰ ਰਾਸ਼ਟਰਪਤੀ ਦੇ ਭਾਸ਼ਣ ਤੋਂ ਬਾਅਦ ਲੋਕ ਸਭਾ ਵਿੱਚ ਬੋਲਣ ਨਹੀਂ ਦਿੱਤਾ ਗਿਆ ਕਿਉਂਕਿ ਉਹ ਸਾਬਕਾ ਆਰਮੀ ਚੀਫ ਮਨੋਜ ਨਰਵਣੇ ਦੀਆਂ ਅਣਪ੍ਰਕਾਸ਼ਿਤ ਯਾਦਾਂ 'ਤੇ ਟਿੱਪਣੀ ਕਰਨਾ ਚਾਹੁੰਦੇ ਸਨ, ਜਿਸ ਵਿੱਚ ਚੀਨੀ ਸੈਨਾ ਦੇ ਮੂਵਮੈਂਟਸ ਵੇਲੇ ਸਿਆਸੀ ਲੀਡਰਸ਼ਿਪ ਦੀ ਬੇਪਰਵਾਹੀ ਦਾ ਜ਼ਿਕਰ ਹੈ।

ਇਹ ਸੌਦਾ ਭਾਰਤ ਲਈ ਖਤਰਨਾਕ ਹੈ ਕਿਉਂਕਿ ਇਹ ਨਾ ਸਿਰਫ਼ ਕਿਸਾਨਾਂ ਨੂੰ ਮਾਰੇਗਾ ਸਗੋਂ ਛੋਟੇ ਉਦਯੋਗਾਂ, ਟੈਕਸਟਾਈਲ ਸੈਕਟਰ ਅਤੇ ਰਾਸ਼ਟਰੀ ਸੁਰੱਖਿਆ ਨੂੰ ਵੀ ਪ੍ਰਭਾਵਿਤ ਕਰੇਗਾ। ਕਾਂਗਰਸ ਇਸ ਵਿਰੋਧ ਵਿੱਚ ਵੱਖ-ਵੱਖ ਰੈਲੀਆਂ ਕਰ ਰਹੀ ਹੈ ਅਤੇ ਮੰਗ ਕਰ ਰਹੀ ਹੈ ਕਿ ਸਰਕਾਰ ਇਸ ਨੂੰ ਰੱਦ ਕਰੇ। ਰਾਹੁਲ ਗਾਂਧੀ ਨੇ ਚੁਣੌਤੀ ਦਿੱਤੀ ਕਿ ਮੋਦੀ ਇਸ ਸੌਦੇ ਨੂੰ ਰੱਦ ਕਰਨ, ਪਰ ਉਹ ਨਹੀਂ ਕਰ ਸਕਣਗੇ ਕਿਉਂਕਿ ਇਹ ਉਨ੍ਹਾਂ ਦੀਆਂ ਨਿੱਜੀ ਮਜਬੂਰੀਆਂ ਕਾਰਨ ਕੀਤਾ ਗਿਆ ਹੈ।

ਪੰਜਾਬ ਵਰਗੇ ਸੂਬੇ, ਜਿੱਥੇ ਕਪਾਹ, ਗੰਨਾ ਅਤੇ ਅਨਾਜ ਦੀ ਖੇਤੀ ਮੁੱਖ ਹੈ, ਇਸ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ। ਕਿਸਾਨ ਆਗੂ ਵੀ ਇਸ ਵਿਰੋਧ ਵਿੱਚ ਆਵਾਜ਼ ਉਠਾ ਰਹੇ ਹਨ ਅਤੇ ਦੇਸ਼ ਵਿਆਪੀ ਪ੍ਰਦਰਸ਼ਨਾਂ ਦੀ ਯੋਜਨਾ ਬਣਾ ਰਹੇ ਹਨ। ਇਹ ਮਾਮਲਾ ਭਾਰਤੀ ਖੇਤੀ ਅਤੇ ਆਰਥਿਕਤਾ ਦੇ ਭਵਿੱਖ ਨਾਲ ਜੁੜਿਆ ਹੋਇਆ ਹੈ, ਜਿਸ ਨੂੰ ਲੈ ਕੇ ਸਿਆਸੀ ਬਹਿਸ ਤੇਜ਼ ਹੋ ਗਈ ਹੈ।ਰਾਹੁਲ ਗਾਂਧੀ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਨੂੰ ਰਾਸ਼ਟਰਪਤੀ ਦੇ ਭਾਸ਼ਣ ਤੋਂ ਬਾਅਦ ਲੋਕ ਸਭਾ ਵਿੱਚ ਬੋਲਣ ਨਹੀਂ ਦਿੱਤਾ ਗਿਆ ਕਿਉਂਕਿ ਉਹ ਸਾਬਕਾ ਆਰਮੀ ਚੀਫ ਮਨੋਜ ਨਰਵਣੇ ਦੀਆਂ ਅਣਪ੍ਰਕਾਸ਼ਿਤ ਯਾਦਾਂ 'ਤੇ ਟਿੱਪਣੀ ਕਰਨਾ ਚਾਹੁੰਦੇ ਸਨ, ਜਿਸ ਵਿੱਚ ਚੀਨੀ ਸੈਨਾ ਦੇ ਮੂਵਮੈਂਟਸ ਵੇਲੇ ਸਿਆਸੀ ਲੀਡਰਸ਼ਿਪ ਦੀ ਬੇਪਰਵਾਹੀ ਦਾ ਜ਼ਿਕਰ ਹੈ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਈਜ਼ਿੰਗ ਭਾਰਤ ਸਮਿਟ 2026 ਵਿੱਚ ਕਾਂਗਰਸ ਪਾਰਟੀ 'ਤੇ ਤਿੱਖਾ ਹਮਲਾ ਬੋਲਿਆ ਹੈ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਨੇ ਭਾਰਤ ਵਿੱਚ ਹਾਲ ਹੀ ਵਿੱਚ ਹੋਏ ਏਆਈ ਇੰਪੈਕਟ ਸਮਿਟ ਨੂੰ ਆਪਣੀ ਗੰਦੀ ਰਾਜਨੀਤੀ ਦਾ ਮੰਚ ਬਣਾ ਲਿਆ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਈਜ਼ਿੰਗ ਭਾਰਤ ਸਮਿਟ 2026 ਵਿੱਚ ਕਾਂਗਰਸ ਪਾਰਟੀ 'ਤੇ ਤਿੱਖਾ ਹਮਲਾ ਬੋਲਿਆ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਈਜ਼ਿੰਗ ਭਾਰਤ ਸਮਿਟ 2026 ਵਿੱਚ ਕਾਂਗਰਸ ਪਾਰਟੀ 'ਤੇ ਤਿੱਖਾ ਹਮਲਾ ਬੋਲਿਆ ਹੈ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਨੇ ਭਾਰਤ ਵਿੱਚ ਹਾਲ ਹੀ ਵਿੱਚ ਹੋਏ ਏਆਈ ਇੰਪੈਕਟ ਸਮਿਟ ਨੂੰ ਆਪਣੀ ਗੰਦੀ ਰਾਜਨੀਤੀ ਦਾ ਮੰਚ ਬਣਾ ਲਿਆ। ਇਹ ਸਮਿਟ ਪੂਰੇ ਦੇਸ਼ ਲਈ ਮਾਣ ਵਾਲਾ ਪਲ ਸੀ, ਜਿੱਥੇ ਵਿਦੇਸ਼ੀ ਮਹਿਮਾਨ, ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਵੱਡੀਆਂ ਕੰਪਨੀਆਂ ਦੇ ਨੇਤਾ ਇਕੱਠੇ ਹੋਏ ਸਨ। ਪਰ ਕਾਂਗਰਸ ਨੇ ਇਸ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ। ਯੂਥ ਕਾਂਗਰਸ ਦੇ ਕੁਝ ਵਰਕਰਾਂ ਨੇ ਵਿਦੇਸ਼ੀ ਮਹਿਮਾਨਾਂ ਦੇ ਸਾਹਮਣੇ ਆਪਣੇ ਕੱਪੜੇ ਉਤਾਰ ਦਿੱਤੇ ਅਤੇ ਮੋਦੀ ਵਿਰੋਧੀ ਨਾਅਰੇ ਲਗਾਏ। ਇਸ ਨੂੰ ਪੀਐੱਮ ਮੋਦੀ ਨੇ "ਨੰਗੀ ਰਾਜਨੀਤੀ" ਅਤੇ "ਵਿਚਾਰਧਾਰਕ ਦੀਵਾਲੀਆਪਨ" ਦਾ ਪ੍ਰਤੀਕ ਦੱਸਿਆ।ਮੋਦੀ ਨੇ ਕਿਹਾ, "ਕਾਂਗਰਸ ਨੇ ਨਾ ਸਿਰਫ਼ ਕੱਪੜੇ ਉਤਾਰੇ, ਸਗੋਂ ਆਪਣੀ ਵਿਚਾਰਧਾਰਾ ਦੀ ਨੰਗੀ ਹਕੀਕਤ ਵੀ ਸਾਹਮਣੇ ਲਿਆਂਦੀ।" ਉਨ੍ਹਾਂ ਨੇ ਇਸ ਨੂੰ ਦੇਸ਼ ਦੀ ਇੱਜ਼ਤ ਨਾਲ ਛੇੜਛਾੜ ਵਜੋਂ ਵੇਖਿਆ ਅਤੇ ਕਿਹਾ ਕਿ ਇਸ ਕਾਰਵਾਈ ਨਾਲ ਪੂਰੇ ਦੇਸ਼ ਵਿੱਚ ਗੁੱਸਾ ਫੈਲ ਗਿਆ ਹੈ। ਲੋਕ ਇਸ ਨੂੰ ਮਾਫ ਨਹੀਂ ਕਰ ਰਹੇ। ਇਸ ਗੁੱਸੇ ਨੂੰ ਠੰਡਾ ਕਰਨ ਲਈ ਕਾਂਗਰਸ ਨੇ ਮਹਾਤਮਾ ਗਾਂਧੀ ਜੀ ਦਾ ਨਾਂ ਲਿਆ ਅਤੇ ਬਾਪੂ ਨੂੰ ਆਪਣੇ ਪਾਪਾਂ ਨੂੰ ਛੁਪਾਉਣ ਲਈ ਵਰਤਿਆ। ਪੀਐੱਮ ਨੇ ਕਿਹਾ, "ਕਾਂਗਰਸ ਹਮੇਸ਼ਾ ਇਹੀ ਕਰਦੀ ਹੈ। ਜਦੋਂ ਆਪਣੇ ਪਾਪ ਛੁਪਾਉਣੇ ਹੁੰਦੇ ਹਨ ਤਾਂ ਬਾਪੂ ਜੀ ਦਾ ਨਾਂ ਲੈਂਦੀ ਹੈ, ਪਰ ਜਦੋਂ ਕੋਈ ਵੱਡੀ ਪ੍ਰਾਪਤੀ ਹੁੰਦੀ ਹੈ ਤਾਂ ਸਾਰਾ ਸਿਹਰਾ ਸਿਰਫ਼ ਇੱਕ ਪਰਿਵਾਰ ਨੂੰ ਦਿੰਦੀ ਹੈ।"ਇਹ ਹਮਲਾ ਰਾਈਜ਼ਿੰਗ ਭਾਰਤ ਸਮਿਟ ਵਿੱਚ ਹੋਇਆ, ਜੋ ਨਿਊਜ਼18 ਨੇ ਆਯੋਜਿਤ ਕੀਤਾ ਸੀ। ਏਆਈ ਸਮਿਟ ਫਰਵਰੀ 2026 ਵਿੱਚ ਭਾਰਤ ਮੰਡਪਮ ਵਿੱਚ ਹੋਇਆ ਸੀ, ਜਿੱਥੇ ਭਾਰਤ ਨੂੰ ਏਆਈ ਦੇ ਖੇਤਰ ਵਿੱਚ ਵਿਸ਼ਵ ਪੱਧਰ 'ਤੇ ਅੱਗੇ ਵਧਦੇ ਵੇਖਿਆ ਗਿਆ। ਪਰ ਯੂਥ ਕਾਂਗਰਸ ਦੇ ਵਰਕਰਾਂ ਨੇ ਇਸ ਨੂੰ ਵਿਵਾਦ ਵਿੱਚ ਘੇਰ ਲਿਆ। ਉਨ੍ਹਾਂ ਨੇ QR ਕੋਡ ਨਾਲ ਐਂਟਰੀ ਲਈ, ਅੰਦਰ ਜਾ ਕੇ ਕੱਪੜੇ ਉਤਾਰੇ ਅਤੇ ਨਾਅਰੇ ਲਗਾਏ। ਇਸ ਨੂੰ ਬੀਜੇਪੀ ਨੇ "ਦੇਸ਼ ਵਿਰੋਧੀ" ਅਤੇ "ਗੰਦਾ ਕੰਮ" ਦੱਸਿਆ। ਕਈ ਬੀਜੇਪੀ ਨੇਤਾਵਾਂ ਨੇ ਵੀ ਇਸ ਨੂੰ ਨਿੰਦਿਆ, ਜਿਵੇਂ ਕਿ ਸੰਬਿਤ ਪਾਤਰਾ ਨੇ ਕਿਹਾ "ਟੌਪਲੈੱਸ, ਬ੍ਰੇਨਲੈੱਸ, ਸ਼ੇਮਲੈੱਸ" ।ਪੀਐੱਮ ਮੋਦੀ ਨੇ ਆਪਣੇ ਭਾਸ਼ਣ ਵਿੱਚ ਇਹ ਵੀ ਕਿਹਾ ਕਿ ਕਾਂਗਰਸ ਦੀਆਂ ਨਾਕਾਮੀਆਂ ਅਤੇ ਹਤਾਸ਼ਾ ਕਾਰਨ ਉਹ ਅਜਿਹੀ ਸਸਤੀ ਰਾਜਨੀਤੀ ਕਰ ਰਹੀ ਹੈ। ਉਹ ਹੰਕਾਰ ਵਿੱਚ ਡੁੱਬ ਗਈ ਹੈ ਅਤੇ ਦੇਸ਼ ਦੀ ਛਵੀ ਖਰਾਬ ਕਰਨ ਵਿੱਚ ਲੱਗੀ ਹੋਈ ਹੈ। ਪਰ ਸਰਕਾਰ ਆਪਣਾ ਕੰਮ ਜਾਰੀ ਰੱਖੇਗੀ, ਚਾਹੇ ਵਿਰੋਧ ਕੁਝ ਵੀ ਕਰੇ। ਇਹ ਘਟਨਾ ਨੇ ਰਾਜਨੀਤਿਕ ਬਹਿਸ ਨੂੰ ਤੇਜ਼ ਕਰ ਦਿੱਤਾ ਹੈ। ਕਾਂਗਰਸ ਵਾਲੇ ਇਸ ਨੂੰ ਪ੍ਰਦਰਸ਼ਨ ਦਾ ਅਧਿਕਾਰ ਦੱਸ ਰਹੇ ਹਨ, ਜਦਕਿ ਬੀਜੇਪੀ ਇਸ ਨੂੰ ਦੇਸ਼ ਦੀ ਬੇਇੱਜ਼ਤੀ ਵਜੋਂ ਵੇਖ ਰਹੀ ਹੈ।ਇਸ ਘਟਨਾ ਤੋਂ ਬਾਅਦ ਪੁਲਿਸ ਨੇ ਕੁਝ ਯੂਥ ਕਾਂਗਰਸ ਵਰਕਰਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਅਤੇ ਉਨ੍ਹਾਂ ਨੂੰ ਰਿਮਾਂਡ 'ਤੇ ਭੇਜਿਆ। ਰਾਹੁਲ ਗਾਂਧੀ ਨੇ ਇਸ 'ਤੇ ਜਵਾਬ ਦਿੰਦੇ ਹੋਏ ਕਿਹਾ ਕਿ ਇਹ ਉੱਤਰ ਕੋਰੀਆ ਨਹੀਂ ਭਾਰਤ ਹੈ ਅਤੇ ਪ੍ਰਦਰਸ਼ਨ ਦੀ ਆਜ਼ਾਦੀ ਹੈ। ਪਰ ਮੋਦੀ ਨੇ ਇਸ ਨੂੰ ਸਿਰਫ਼ ਇੱਕ ਡਰਾਮਾ ਅਤੇ ਦੇਸ਼ ਵਿਰੋਧੀ ਕਾਰਵਾਈ ਦੱਸਿਆ। ਇਹ ਸਮਾਂ ਭਾਰਤ ਲਈ ਏਆਈ ਅਤੇ ਟੈਕਨਾਲੋਜੀ ਵਿੱਚ ਅੱਗੇ ਵਧਣ ਦਾ ਹੈ, ਪਰ ਰਾਜਨੀਤੀ ਨੇ ਇਸ ਨੂੰ ਵਿਵਾਦ ਵਿੱਚ ਘੇਰ ਲਿਆ।

## ਯਾਦਾਂ ਚੋਂ ਨਿੱਕਲੇ ਨਾ



ਬੜਾ ਮੁਸ਼ਕਿਲ ਹੁੰਦਾ ਏ,ਛੱਡਕੇ ਜਾਣਾ ਵਤਨ ਪਿਆਰਾ।
ਯਾਦਾਂ ਚੋਂ ਨਿੱਕਲੇ ਨਾ,ਲੁੱਟਿਆ ਪਿੰਡ ਦੇ ਵਿੱਚ ਨਜਾਰਾ।
ਪਿੰਡ ਦੇ ਚੜ੍ਹਦੇ ਪਾਸੇ,ਵੱਗਦੀ ਖੱਡ ਸੀ ਵਿੱਚ ਬਰਸਾਤਾਂ।
ਰਲ਼-ਮਿਲਕੇ ਖੇਡਦੇ ਸੀ,ਨਾ ਸੀ ਵੇਖੀਆਂ ਜਾਂਦੀਆਂ ਜਾਤਾਂ।
ਇੱਕ ਮਿੱਤਰ ਹੁੰਦਾ ਸੀ,ਖ਼ੁਦ ਨੂੰ ਉਦੋ ਸਮਝਦਾ 'ਦਾਰਾ'।
ਯਾਦਾਂ ਚੋਂ ਨਿੱਕਲੇ ਨਾ----------------।ਮਿਲ ਨਾਲ ਬੇਲੀਆਂ ਦੇ,ਖੇਡਿਆ ਪਿੱਠੂ ਕੈਮ ਬਥੇਰਾ।
ਕੁੱਟ ਪੈਣੀ ਘਰਦਿਆਂ ਤੋਂ,ਵੜਨਾ ਘਰ ਜਦ ਕਰਕੇ ਨੇਰ੍ਹਾ।
ਬੜਾ ਲਾਡ ਲਡਾਉਂਦਾ ਸੀ,ਛੋਟੇ ਬੱਚਿਆਂ ਨੂੰ ਪਿੰਡ ਸਾਰਾ।
ਯਾਦਾਂ ਚੋਂ ਨਿੱਕਲੇ ਨਾ--------------।
ਕਈ ਰਾਹ ਵਿੱਚ ਲੁੱਕਦੇ ਸੀ,ਜਦ ਸੀ ਪੜ੍ਹਨ ਸਕੂਲੇ ਜਾਂਦੇ।
ਕਈ ਢੀਠ ਜਿਹੇ ਬੱਚੇ,ਬਾਹਲੀ ਕੁੱਟ ਟੀਚਰ ਤੋਂ ਖਾਂਦੇ।
ਦਿਲ ਚਾਹਵੇ 'ਨਾਗਰੇ' ਦਾ ਬਚਪਨ ਮਿਲਜੇ ਕਿਤੇ ਦੁਬਾਰਾ।
ਯਾਦਾਂ ਚੋਂ ਨਿੱਕਲੇ ਨਾ-----------------।
ਬੜਾ ਮੁਸ਼ਕਿਲ ਹੁੰਦਾ ਏ,ਛੱਡਕੇ ਜਾਣਾ ਵਤਨ ਪਿਆਰਾ।
ਯਾਦਾਂ ਚੋਂ ਨਿੱਕਲੇ ਨਾ-----------------।
ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'
ਪੋਰਟਲੈਂਡ,ਓਰੇਗਨ(ਅਮਰੀਕਾ)
+13604481989

## ਵਿਆਹ ਲੰਮੇ ਸਰੀਰ ਨਕੰਮੇ ਰੋਗਾਂ ਨੂੰ ਦਾਹਵਤ,



ਵਿਆਹ ਲੰਮੇ ਸਰੀਰ ਨਕੰਮੇ
ਰੋਗਾਂ ਨੂੰ ਦਾਹਵਤ,
ਲਉ ਸੁਣੋਂ ਕਹਾਵਤ,ਆਈਆਂ
ਮਸ਼ੀਨਾ, ਤਾਂ ਬੰਦਾ ਕਮੀਨਾ,
ਨਾ ਡੁੱਲ੍ਹੇ ਪਸੀਨਾ ਖਤਮ ਹੋਈ
ਆਹਵਤ!
ਮਾੜੇ ਤੋਂ ਮਾੜਾ ਬਣੇ ਸਤਾਰਾ,
ਭਰ ਸੋਚੀਂ ਗਾਰਾ ਗਏ ਭੁੱਲ ਸ਼ਰਾਫਤ !
ਸਹਿਣ ਨਾ ਗੱਲ,ਥਾਂ-ਥਾਂ ਛੱਲ,
ਦਿਲਾਂ ਵਿੱਚ ਵਲ ਲਈ ਆਉਂਣ
ਗਿਰਾਵਟ!
ਕੁਦਰਤੀ ਨਜਾਰੇ,ਉਜਾੜ ਕੇ ਸਾਰੇ,
ਮਨਾ ਵਿੱਚ ਪਾੜੇ,ਪ੍ਰਫੁਲਤ ਬਣਾਵਟ !
ਉੱਮਰ ਨਾ ਹੰਢੇ,ਠਰਕੀ ਬੰਦੇ,
ਸਾਂਭਣ ਨਾ ਧੰਦੇ ਮਹਿਸੂਸਣ
ਥਕਾਵਟ !
ਰਣਜੀਤ ਤੂੰ ਛੱਡ,ਕਿ ਝੰਡੇ ਗੱਡ,
ਪੈਰਾਂ ਤੋਂ ਕੱਢ ਮਿਟਾ ਘਬਰਾਹਟ!
ਬਹੁਤਾ ਨਾ ਸੋਚ,ਭਲਾ ਹੀ ਲੋਚ,
ਹਰਫਾਂ
ਤਈਂ ਬੋਚ ਨਿਖਾਰ ਲਿਖਾਵਟ !
ਲੇਖਕ : ਰਣਜੀਤ ਕੌਰ ਟੁਰਾਂਟੋ।

## ਮਿੰਨੀ ਕਹਾਣੀ 'ਮੁਫ਼ਾਦ'



ਸਾਡਾ ਮੁਲਕ ਗੁਲਾਮ ਹੋਇਆ। ਆਜ਼ਾਦੀ ਲਹਿਰ ਚੱਲੀ, ਅੰਦੋਲਨ ਹੋਏ। ਬਹੁਤ ਸਾਰੇ ਇਨਕਲਾਬੀ ਯੋਧਿਆਂ ਨੇ ਸ਼ਹੀਦੀ ਦਾ ਜਾਮ ਪੀਤਾ। ਮਜ਼ਬੂਰੀ ਵੱਸ ਹਾਕਮਾਂ ਨੂੰ ਭਾਰਤੀ ਲੋਕਾਂ ਨੂੰ ਆਜ਼ਾਦ ਕਰਨ ਦਾ ਮਨ ਬਣਾਇਆ। ਚਲੇ ਗਏ ਆਪਣੇ ਵਤਨੀ। ਸਾਡੀ ਸੌੜੀ ਸਿਆਸਤ ਦੇ ਧਾਰਨੀ ਲੱਗੇ ਆਪਣੇ ਫ਼ਨ ਦਾ ਮੁਜ਼ਾਹਰਾ ਕਰਨ।

ਇੱਕ ਦੂਜੇ ਨੂੰ ਨੀਵਾਂ ਦਿਖਾਉਣ ਤੇ ਠਿੱਬੀ ਲਾਉਣ ਲਈ ਸੱਚੇ ਝੂਠੇ ਕੇਸਾਂ ਦਾ ਸਿਲਸਿਲਾ ਸ਼ੁਰੂ ਹੋਇਆ। ਵਿਰੋਧੀ ਧਿਰ ਦੇ ਆਗੂਆਂ ਦੇ ਅੰਦਰ ਜਾਣ ਵੇਲੇ ਰੈਲੀ। ਉਹਨਾਂ ਦੇ ਬਾਹਰ ਆਉਣ ਵੇਲੇ ਉਹਨਾਂ ਦੇ ਸਮੱਰਥਕਾਂ ਵਲੋਂ ਰੈਲੀ। ਦੇਸ਼ ਅੰਦਰ ਰੈਲੀਆਂ ਦੀ ਭਰਮਾਰ ਹੋ ਗਈ ਜੋ ਲਗਾਤਾਰ ਜਾਰੀ ਹੈ। ਸੜਕਾਂ 'ਤੇ ਜ਼ਿਆਦਾ ਆਵਾਜਾਈ ਕਾਰਨ ਜਾਮ ਤੇ ਧੂੰਆਂ ਬਹੁਤ ਵਧ ਗਿਆ। ਲੋਕ ਹੈਰਾਨ ਪ੍ਰੇਸ਼ਾਨ।

ਦੂਜੀ ਗੱਲ ਇਹ ਕਿ ਇਹਨਾਂ ਕੇਸਾਂ ਕਰਕੇ ਨਿਆਂ ਪ੍ਰਣਾਲੀ ਵਿੱਚ ਮੁਕੱਦਮਿਆਂ ਦਾ ਬੋਝ ਵਧ ਗਿਆ। ਜਿਸ ਨਾਲ ਆਮ ਜਨਤਾ ਨੂੰ ਨਿਆਂ ਲੈਣ ਵਾਸਤੇ ਦਿੱਕਤ ਪੇਸ਼ ਆਉਂਦੀ ਹੈ। ਲੋਕਾਂ ਨੂੰ ਇਹਨਾਂ ਦੇ ਆਪਸੀ ਮੁਫ਼ਾਦਾਂ ਕਰਕੇ ਫ਼ਾਇਦਾ ਨਹੀਂ ਨੁਕਸਾਨ ਹੋ ਰਿਹਾ ਹੈ। ਇਹ ਸੋਚਣਾ ਪਵੇਗਾ ਆਮ ਜਨਤਾ ਨੂੰ,,,,,,।

ਗੁਰਮੀਤ ਸਿੰਘ ਸਿੱਧੂ ਕਾਨੂੰਗੋ ਫਰੀਦਕੋਟ।
8146593089

## ਜਦੋਂ ਵੀ ਅਖਬਾਰ ਖੋਲੋ ਜਾਂ ਕਿਸੇ ਚੈਨਲ ਤੇ ਖਬਰਾਂ ਸੁਣੋ ਖੁਦਕੁਸ਼ੀ ਦੀ ਖਬਰ ਹੁੰਦੀ ਹੈ ਜਾਂ ਦੂਸਰੇ ਨੂੰ ਮਾਰ ਦੇਣ ਦੀ। ਇੰਜ ਲੱਗਦਾ ਹੈ ਕਿ ਲੋਕਾਂ ਦੇ ਅੰਦਰੋਂ ਸਬਰ ਤੇ ਰਹਿਮ ਖਤਮ ਹੋ ਗਿਆ ਹੈ।

**ਲੇਖਕ : ਹਰਪ੍ਰੀਤ ਕੌਰ ਸੰਧੂ।**

ਜਦੋਂ ਵੀ ਅਖਬਾਰ ਖੋਲੋ ਜਾਂ ਕਿਸੇ ਚੈਨਲ ਤੇ ਖਬਰਾਂ ਸੁਣੋ ਖੁਦਕੁਸ਼ੀ ਦੀ ਖਬਰ ਹੁੰਦੀ ਹੈ ਜਾਂ ਦੂਸਰੇ ਨੂੰ ਮਾਰ ਦੇਣ ਦੀ। ਇੰਜ ਲੱਗਦਾ ਹੈ ਕਿ ਲੋਕਾਂ ਦੇ ਅੰਦਰੋਂ ਸਬਰ ਤੇ ਰਹਿਮ ਖਤਮ ਹੋ ਗਿਆ ਹੈ। ਜਰਾ ਜਿੰਨੀ ਗੱਲ ਪਿੱਛੇ ਰਿਸ਼ਤਿਆਂ ਵਿੱਚ ਤੋੜ ਵਿਛੋੜੇ ਹੋ ਰਹੇ ਹਨ। ਅਜੇ ਕੱਲ ਹੀ ਸੁਣਿਆ ਹੈ ਕਿ ਪਤਨੀ ਵੱਲੋਂ ਫੇਸਬੁੱਕ ਦਾ ਪਾਸਵਰਡ ਪਤੀ ਨੂੰ ਨਹੀਂ ਦੱਸਿਆ ਗਿਆ ਇਸ ਗੱਲ ਤੇ ਦੋਹਾਂ ਦੀ ਲੜਾਈ ਹੋਈ ਤੇ ਛੱਡ ਛਡਾ ਹੋ ਗਿਆ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਸਾਡੇ ਲਈ ਅਸਲ ਰਿਸ਼ਤੇ ਮਾਇਨੇ ਨਹੀਂ ਰੱਖਦੇ ਵਰਚੁਅਲ ਰਿਸ਼ਤੇ ਮਾਇਨੇ ਰੱਖਦੇ ਹਨ।




ਜਿਸ ਨੂੰ ਕਦੇ ਦੇਖਿਆ ਨਹੀਂ ਜਿਸ ਨੂੰ ਕਦੇ ਮਹਿਸੂਸ ਨਹੀਂ ਕੀਤਾ ਉਹ ਉਸ ਨਾਲੋਂ ਮਹੱਤਵਪੂਰਨ ਹੈ ਜੋ ਸਾਡੀ ਜ਼ਿੰਦਗੀ ਵਿੱਚ ਹੈ। ਇਸ ਦਾ ਅਸਲ ਕਾਰਨ ਇਹ ਹੈ ਕਿ ਅਸੀਂ ਆਪਣੇ ਆਪ ਵਿੱਚ ਇੱਕ ਇਮੇਜ ਸਿਰਜਦੇ ਹਾਂ ਹਰ ਰਿਸ਼ਤੇ ਦੀ। ਅਸੀਂ ਮਨੁੱਖ ਨੂੰ ਸਮਝ ਕੇ ਉਸ ਦੇ ਮੁਤਾਬਕ ਆਪਣਾ ਵਿਹਾਰ ਨਹੀਂ ਕਰਦੇ ਸਗੋਂ ਉਸਨੂੰ ਉਸ ਇਮੇਜ ਵਿੱਚ ਫਿੱਟ ਕਰਨਾ ਚਾਹੁੰਦੇ ਹਾਂ। ਇਹ ਸਾਨੂੰ ਵੀ ਪਤਾ ਹੈ ਕਿ ਸੰਭਵ ਨਹੀਂ ਹੈ। ਜ਼ਿੰਦਗੀ ਵਿੱਚ ਕੁਝ ਵੀ ਸਾਫ ਸਪਸ਼ਟ ਨਹੀਂ ਹੁੰਦਾ। ਹਰ ਬੰਦੇ ਦੇ ਪਿੱਛੇ ਉਸਦਾ ਅਤੀਤ ਹੁੰਦਾ ਹੈ। ਹਰ ਬੰਦੇ ਕੋਲ ਉਸ ਦਾ ਭਵਿੱਖ ਹੈ। ਅਸੀਂ ਇਹਨਾਂ ਦੋਵਾਂ ਗੱਲਾਂ ਤੇ ਧਿਆਨ ਦੇ ਕੇ ਵਰਤਮਾਨ ਨੂੰ ਅੱਖੋਂ ਓਹਲੇ ਕਰ ਰਹੇ ਹਾਂ। ਇੱਕ ਡਬਲ ਬੈੱਡ ਤੇ ਬੈਠੇ ਦੋ ਬੰਦੇ ਆਪਣੇ ਆਪਣੇ ਫੋਨ ਤੇ ਕਿਸੇ ਦੂਰ ਦੇ ਮਨੁੱਖ ਨਾਲ ਦਿਲ ਦੀਆਂ ਗੱਲਾਂ ਕਰ ਰਹੇ ਹਨ ਕੀ ਬੋਰਡ ਦੇ ਸਹਾਰੇ। ਉਹ ਆਪਸ ਵਿੱਚ ਗੱਲ ਬਸ ਰਸਮੀ ਜਿਹੀ ਹੀ ਕਰਦੇ ਹਨ। ਜੇ ਥੋੜ੍ਹੀ ਜ਼ਿਆਦਾ ਗੱਲ ਕਰਨ ਤਾਂ ਬਹਿਸ ਹੋ ਜਾਂਦੀ ਹੈ। ਇਹ ਪੀੜ੍ਹੀ ਜੋ ਵਰਚੁਅਲ ਦੁਨੀਆਂ ਵਿੱਚ ਜੀ ਰਹੀ ਹੈ ਇਸ ਲਈ ਅਸਲੀ ਦੁਨੀਆ ਦਾ ਮੁਕਾਬਲਾ ਕਰਨਾ ਔਖਾ ਹੈ। ਕਿਸੇ ਦਾ ਇਨਕਾਰ ਜਾਂ ਤਾਂ ਖੁਦ ਦੀ ਜਾਨ ਲੈ ਲੈਂਦਾ ਹੈ ਜਾਂ ਉਸ ਦੀ। ਇਹ ਸਭ ਸਿਰਫ ਇਹਨਾਂ ਵਰਚੁਅਲ ਰਿਸ਼ਤਿਆਂ ਅਤੇ ਵਰਚੁਅਲੀ ਸਿਰਜੀ ਹੋਈ ਜ਼ਿੰਦਗੀ ਕਰਕੇ ਹੈ।

ਅਸੀਂ ਹਕੀਕਤ ਤੋਂ ਬਹੁਤ ਦੂਰ ਹੋ ਰਹੇ ਹਾਂ। ਪਿਛਲੇ ਦਿਨਾਂ ਇੱਕ ਲੜਕੀ ਨਾਲ ਗੱਲ ਹੋਈ ਜੋ ਆਪਣੇ ਮਾਤਾ ਪਿਤਾ ਕੋਲ ਵਾਪਸ ਆ ਗਈ ਹੈ ਆਪਣੇ ਪਤੀ ਨੂੰ ਛੱਡ ਕੇ। ਵੈਸੇ ਹੀ ਪੁੱਛਿਆ ਕਿ ਕੀ ਪਤੀ ਕੁਛ ਤਸ਼ੱਦਦ ਕਰਦਾ ਸੀ ਜਾਂ ਕੋਈ ਮਾਨਸਿਕ ਪਰੇਸ਼ਾਨੀ ਸੀ। ਉਸਦਾ ਜਵਾਬ ਸੁਣ ਕੇ ਤੁਸੀਂ ਅਵਾਕ ਰਹਿ ਜਾਓਗੇ। ਉਸਨੇ ਕਿਹਾ ਕਿ ਮੈਨੂੰ ਕਦੇ ਵੀ ਬਾਹਰ ਖਾਣਾ ਖਾਣ ਲਈ ਨਹੀਂ ਸੀ ਲੈ ਕੇ ਜਾਂਦਾ। ਰਾਤ ਨੂੰ ਸੌਣ ਲੱਗੇ ਆਪਣਾ ਹੱਥ ਮੇਰੇ ਉੱਪਰ ਰੱਖਦਾ ਸੀ ਜੋ ਮੈਨੂੰ ਚੰਗਾ ਨਹੀਂ ਸੀ ਲੱਗਦਾ। ਇਹ ਦੋਵੇਂ ਗੱਲਾਂ ਰਿਸ਼ਤੇ ਨੂੰ ਤੋੜਨ ਲਈ ਬਹੁਤ ਨਿਗੂਣੀਆਂ ਹਨ। ਕੁਝ ਗੱਲਾਂ ਤੇ ਸਮਝੌਤਾ ਕੀਤਾ ਜਾ ਸਕਦਾ ਹੈ ਤੇ ਕੁਝ ਗੱਲਾਂ ਸੁਲਝਾਈਆਂ ਜਾ ਸਕਦੀਆਂ ਹਨ। ਪਰ ਅੱਜ ਕੱਲ ਕੋਈ ਕੋਸ਼ਿਸ਼ ਨਹੀਂ ਕਰਦਾ ਰਿਸ਼ਤੇ ਨੂੰ ਬਚਾਉਣ ਦੀ। ਵੈਬ ਸੀਰੀਜ ਨੈਟਫਲਿਕਸ ਡਰਾਮੇਆਂ ਦੀ ਦੁਨੀਆ ਵਿੱਚ ਵਿਚਰਦੇ ਅਸੀਂ ਉਹਨਾਂ ਦੇ ਕਿਰਦਾਰਾਂ ਵਰਗੇ ਹੋ ਗਏ ਹਾਂ। ਸੋਚ ਕੇ ਵੇਖੋ ਕੁਝ ਸਮਾਂ ਪਹਿਲਾਂ ਥੱਪੜ ਮਾਰਨਾ ਬਹੁਤ ਵੱਡੀ ਗੱਲ ਹੁੰਦੀ ਸੀ। ਕੋਈ ਕਿਸੇ ਦੇ ਥੱਪੜ ਛੇਤੀ ਕੀਤੇ ਨਹੀਂ ਮਾਰਦਾ ਸੀ। ਡਰਾਮਿਆਂ ਦੀ ਬਦੌਲਤ ਥੱਪੜ ਮਾਰਨਾ ਆਮ ਜਿਹੀ ਗੱਲ ਹੋ ਗਈ। ਇਹਨਾਂ ਡਰਾਮਿਆਂ ਦੀ ਬਦੌਲਤ ਹੀ ਵਿਆਹ ਤੋਂ ਬਾਅਦ ਇੱਕ ਬਾਹਰੀ ਸੰਬੰਧ ਆਮ ਗੱਲ ਹੋ ਗਈ। ਇਹਨਾਂ ਨੇ ਸਾਡੇ ਸਮਾਜਿਕ ਸਿਸਟਮ ਨੂੰ ਬਖੇਰ ਦਿੱਤਾ ਹੈ। ਅੰਦਰੋਂ ਟੁੱਟਿਆ ਹੋਇਆ ਮਹਿਸੂਸ ਕਰ ਰਿਹਾ ਬੰਦਾ ਕਿਸੇ ਨਾਲ ਵੀ ਜੁੜ ਜਾਣਾ ਚਾਹੁੰਦਾ ਹੈ। ਜੋ ਵੀ ਉਸ ਨਾਲ ਹੱਸ ਕੇ ਬੋਲੇ ਉਸਨੂੰ ਉਹ ਆਪਣਾ ਲੱਗਦਾ ਹੈ। ਕਿਸੇ ਇੱਕ ਬੰਦੇ ਨੇ ਗੱਲ ਦੱਸੀ ਕਿ ਮੈਂ ਹਮੇਸ਼ਾ ਉਹਨਾਂ ਔਰਤਾਂ ਦਾ ਧਿਆਨ ਕਰਦਾ ਹਾਂ ਜੋ ਪਿਆਰ ਵਿੱਚ ਧੋਖਾ ਖਾ ਚੁੱਕੀਆਂ ਹੋਣ। ਉਸ ਦਾ ਕਹਿਣਾ ਸੀ ਕਿ ਉਹ ਔਰਤਾਂ ਸਿਰਫ ਇੱਕ ਸਹਾਰਾ ਲੱਭ ਰਹੀਆਂ ਹੁੰਦੀਆਂ ਹਨ ਤੇ ਮੈਂ ਉਹਨਾਂ ਨੂੰ ਮੋਢਾ ਦਿੰਦਾ ਹਾਂ। ਉਸ ਤੋਂ ਬਾਅਦ ਕੀ ਹੁੰਦਾ ਹੋਵੇਗਾ ਤੁਸੀਂ ਸਮਝ ਸਕਦੇ ਹੋ। ਮਾਨਸਿਕ ਇਕੱਲਾ ਦੇ ਇਸ ਦੌਰ ਵਿੱਚ ਮਾਨਸਿਕ ਮਜਬੂਤੀ ਦੀ ਬੜੀ ਜਰੂਰਤ ਹੈ। ਅਸੀਂ ਹਰ ਕਿਸੇ ਨੂੰ ਆਪਣੇ ਨਾਲ ਬੰਨ ਲੈਣਾ ਚਾਹੁੰਦੇ ਹਾਂ। ਮਨੁੱਖ ਦੀਆਂ ਸਾਰੀਆਂ ਜਰੂਰਤਾਂ ਇੱਕ ਮਨੁੱਖ ਤੋਂ ਪੂਰੀਆਂ ਨਹੀਂ ਹੋ ਸਕਦੀਆਂ। ਉਸ ਨੂੰ ਹੋਰ ਰਿਸ਼ਤਿਆਂ ਦੀ ਵੀ ਲੋੜ ਹੈ। ਉਸਨੂੰ ਸਿਰਫ ਰੋਮਾਂਸ ਵਾਲਾ ਪਿਆਰ ਨਹੀਂ ਚਾਹੀਦਾ ਉਸ ਨੂੰ ਭਾਵਨਾਤਮਕ ਪਿਆਰ ਵੀ ਚਾਹੀਦਾ ਹੈ ਉਸਨੂੰ ਭੈਣਾਂ/ਭਰਾਵਾਂ ਦਾ ਪਿਆਰ ਚਾਹੀਦਾ ਹੈ ਉਸਨੂੰ ਦੋਸਤ ਚਾਹੀਦੇ ਹਨ। ਅੱਜ ਕੱਲ ਮਾਂ ਬਾਪ ਬੱਚਿਆਂ ਨੂੰ ਨਾਲ ਹੀ ਲਈ ਫਿਰਦੇ ਹਨ ਕਿ ਅਸੀਂ ਹੀ ਤੁਹਾਡੇ ਦੋਸਤ ਹਾਂ। ਅਜਿਹੇ ਵਿੱਚ ਬੱਚੇ ਨੂੰ ਜਦੋਂ ਕੋਈ ਵੀ ਪਿਆਰ ਨਾਲ ਬੁਲਾਵੇ ਬੱਚਾ ਉਸਦਾ ਹੋ ਜਾਂਦਾ ਹੈ। ਅਜਿਹੇ ਸੰਚਿਤ ਮਾਹੌਲ ਵਿੱਚ ਪਲੇ ਬੱਚਿਆਂ ਨੂੰ ਵਰਗਲਾਉਣਾ ਬੜਾ ਸੌਖਾ ਹੈ। ਇਸ ਮੁੱਦੇ ਤੇ ਸੋਚੋ ਜਰੂਰ। ਇਹ ਮਾਮੂਲੀ ਗੱਲ ਨਹੀਂ ਹੈ।

ਲੇਖਕ : ਹਰਪ੍ਰੀਤ ਕੌਰ ਸੰਧੂ।

## ਜਰੂਰੀ ਨਹੀਂ ਹੈ ਕਿ ਬੱਚਾ ਲਗਜ਼ਰੀ ਅਤੇ ਆਲੀਸ਼ਾਨ ਇਮਾਰਤਾਂ ਵਿੱਚ ਪੜ੍ਹਕੇ ਹੀ ਕੁੱਝ ਬਣਨ ਦੇ ਸਮਰੱਥ ਬਣੇ



ਜਰੂਰੀ ਨਹੀਂ ਹੈ ਕਿ ਬੱਚਾ ਲਗਜ਼ਰੀ ਅਤੇ ਆਲੀਸ਼ਾਨ ਇਮਾਰਤਾਂ ਵਿੱਚ ਪੜ੍ਹਕੇ ਹੀ ਕੁੱਝ ਬਣਨ ਦੇ ਸਮਰੱਥ ਬਣੇ:-

ਲੋਕ ਅੱਜ ਕੱਲ੍ਹ ਦਿਖਾਵੇ ਪਿੱਛੇ ਜਿਆਦਾ ਭੱਜਣ ਲੱਗ ਪਏ ਹਨ ,ਪਹਿਲਾਂ ਲੋਕ ਜਿਆਦਾ ਵਿਆਹਾਂ ਸ਼ਾਦੀਆਂ ਤੇ ਵੱਡੀਆਂ ਗੱਡੀਆਂ ਜਾਂ ਮੋਬਾਈਲਾਂ ਤੇ ਪੈਸੇ ਦਾ ਦਿਖਾਵਾ ਕਰਦੇ ਸਨ,ਹੁਣ ਬੱਚਿਆਂ ਦੇ ਪੜ੍ਹਨ ਵਾਲੀਆਂ ਸੰਸਥਾਵਾਂ ਵਿੱਚ ਵੀ ਦਿਖਾਵਾ ਸ਼ਾਮਿਲ ਹੋ ਗਿਆ ਲੋਕ ਦਿਖਾਵਾ ਕਰਨ ਲੱਗ ਗਏ ਹਨ ਜੀ ਕਿ ਸਾਡਾ ਬੱਚਾ ਫਲਾਣੇ ਸਕੂਲ ਵਿੱਚ ਪੜ੍ਹਦਾ ਉਥੇ ਏ ਸੀ ਕਮਰੇ ਹਨ , ਉਥੇ ਬਹੁਤ ਜਿਆਦਾ ਸਹੂਲਤਾਂ ਹਨ ,ਕਹਿੰਦੇ ਨੇ ਜਿੰਨਾਂ ਵੱਧ ਗੁੜ ਪਾਓਗੇ ਮਿੱਠਾ ਤਾਂ ਹੋਵੇਗਾ ਹੀ ,ਇੰਝ ਨਹੀਂ ਲੱਗਦਾ ਕਿ ਅਸੀਂ ਬੱਚਿਆਂ ਨੂੰ ਸਕੂਲ ਘੱਟ ਕਿਸੇ ਲਗਜ਼ਰੀ ਹੋਟਲ ਵਿੱਚ ਜਿਆਦਾ ਭੇਜਕੇ ਖੁਸ਼ ਹੋ ਰਹੇ ਹਾਂ ,ਜਿੱਥੇ ਕਿ ਸਭ ਆਰਾਮ ਦੀਆਂ ਹੀ ਚੀਜ਼ਾਂ ਹੋਣ ਪੜ੍ਹਾਈ ਦਾ ਪਤਾ ਨਹੀਂ, ਬੱਚੇ ਦੇ ਆਰਾਮ ਵਿੱਚ ਕੋਈ ਕਸਰ ਨਹੀਂ ਰਹਿਣੀ ਚਾਹੀਦੀ। ਕੀ ਪੜ੍ਹਾਈ ਲਈ ਇੱਕ ਖੁੱਲੀ ਡੁੱਲੀ ਹਵਾਦਾਰ ਅਤੇ ਸਾਫ਼ ਸੁਥਰੀ ਬਿਲਡਿੰਗ ਨਹੀਂ ,ਹੋਟਲ ਵਰਗੀ ਆਲੀਸ਼ਾਨ ਇਮਾਰਤ ਦੀ ਹੀ ਜਰੂਰਤ ਹੁੰਦੀ ਹੈ ਜਿੱਥੇ ਬੱਚਾ ਬਸ ਆਰਾਮ ਫਰਮਾ ਕੇ ਆਵੇ । ਜਿਨ੍ਹਾਂ ਨੇ ਪੜ੍ਹਨਾ ਉਹਨਾਂ ਬਾਹਰ ਖੁੱਲ੍ਹੇ ਵਿੱਚ ਵੀ ਪੜ੍ਹ ਲੈਣਾ ,ਸਾਡੇ ਵਰਗਿਆਂ ਦੇ ਸਮੇਂ ਕੀ ਸਹੂਲਤਾਂ ਸਨ? ਮੈਨੂੰ ਨਹੀਂ ਲੱਗਦਾ ਜਿੱਥੇ ਮੈਂ ਨੌਵੀਂ ਦੱਸਵੀਂ ਜਮਾਤ ਪਾਸ ਕੀਤੀ ਉਥੇ ਕਦੇ ਅਸੀਂ ਕਮਰੇ ਦੇ ਵਿੱਚ ਵੀ ਇੱਕ ਦਿਨ ਕਲਾਸ ਲਗਾਈ ਹੋਵੇ, ਦੱਸਵੀਂ ਦੇ ਬੋਰਡ ਦੇ ਪੇਪਰਾਂ ਵਿੱਚ ਸਕੂਲ ਦੇ ਕਮਰੇ ਅੰਦਰੋਂ ਵੇਖੇ ਸੀ ,ਬਾਥਰੂਮ ਬਸ ਕੰਧਾਂ ਹੀ ਖੜ੍ਹੀਆਂ ਸੀ ਨਾ ਕੋਈ ਛੱਤ ਸੀ ਅਤੇ ਨਾ ਉਥੇ ਸਦੀਆਂ ਤੋਂ ਕੋਈ ਸਫਾਈ ਹੋਈ ਸੀ ਨਾ ਓਹਨਾਂ ਬਾਥਰੂਮਾਂ ਵਿੱਚ ਕੋਈ ਪਾਣੀ ਦਾ ਪ੍ਰਬੰਧ ਸੀ, ਏਨੀ ਕੁ ਗੰਦਗੀ ਸੀ ਕਿ ਇਹ ਸਭ ਲਿਖਦਿਆਂ ਅੱਜ ਵੀ ਸਭ ਕੁੱਝ ਯਾਦ ਆ ਰਿਹਾ,ਕਿੰਨੇ ਸਾਲ ਹੋ ਗਏ ਇਸ ਗੱਲ ਨੂੰ ਅਜੇ ਵੀ ਓਸੇ ਤਰ੍ਹਾਂ ਹੂ ਬ ਹੂ ਉਂਝ ਹੀ ਸਭ ਕੁੱਝ ਨਜ਼ਰ ਆ ਰਿਹਾ ਹੈ ,ਅਸੀਂ ਵੀ ਤੇ ਪੜ੍ਹੇ ਹੀ ਸੀ, ਇਹੋ ਜਿਹੇ ਸਕੂਲਾਂ ਵਿੱਚ ਪੜ੍ਹਕੇ ਵੀ ਸਾਡੇ ਵਿੱਚ ਕਿੰਨਾ ਜਜ਼ਬਾ ਸੀ ਕੁੱਝ ਬਣਨ ਦਾ ਕੁੱਝ ਜ਼ਿੰਦਗੀ ਵਿੱਚ ਮੁਕਾਮ ਹਾਸਿਲ ਕਰਨ ਦਾ ਅਤੇ ਅੱਜਕਲ ਦੇ ਬੱਚੇ ਜਿਹੜੇ ਸਭ ਸੁੱਖ ਸਹੂਲਤਾਂ ਮਾਣ ਰਹੇ ,ਕੋਈ ਵਿਰਲਾ ਹੀ ਆ ਜੋ ਕਿ ਕੋਈ ਨਿਸ਼ਾਨਾ ਲੈਕੇ ਤੁਰਿਆ ਹੁੰਦਾ ਬਸ ਮੋਬਾਇਲਾਂ ਅਤੇ ਹੋਰ ਸੁੱਖ ਸੁਵਿਧਾਵਾਂ ਮਾਨਣ ਜੋਗੇ ਹੀ ਰਹਿ ਗਏ ਹਨ ,ਨਾ ਤਾਂ ਸਰੀਰਕ ਪੱਖੋਂ ਮਜ਼ਬੂਤ ਹਨ ਨਾ ਹੀ ਮਾਨਸਿਕ ਪੱਖੋਂ , ਬਹੁਤਾ ਸਮਾਂ ਸਕ੍ਰੀਨ ਨੂੰ ਦੇਣ ਕਰਕੇ ਸਰੀਰਕ ਅਤੇ ਬੌਧਿਕ ਪੱਖੋਂ ਮਜ਼ਬੂਤ ਨਹੀਂ ਹੋ ਪਾ ਰਹੇ ਹਨ ,ਬਾਕੀ ਕੁੱਝ ਮਾਤਾ ਪਿਤਾ ਅਜਿਹੇ ਹਨ ਜਿੰਨਾਂ ਨੇ ਟੀਚਰ ਤੋਂ ਇੱਕ ਦੱਬਕਾ ਤੱਕ ਮਾਰਨ ਦਾ ਹੱਕ ਵੀ ਖੋਹ ਲਿਆ ਹੈ ਜਿਸ ਕਰਕੇ ਅਨੁਸਾਸ਼ਨ ਵਿੱਚ ਵੀ ਨਿਘਾਰ ਆ ਰਿਹਾ ਹੈ ਜਿਸ ਬੱਚੇ ਨੂੰ ਨਾ ਮਾਪੇ ਅਤੇ ਨਾ ਅਧਿਆਪਕ ਘੂਰ ਸਕਣਗੇ ,ਉਹ ਕਿਵੇਂ ਸ਼ਿਸ਼ਟਾਚਾਰ ਅਤੇ ਅਨੁਸਾਸ਼ਨ ਸਿੱਖ ਸਕਦਾ ਹੈ । ਬਾਕੀ ਰਹਿੰਦੀ ਖੂੰਹਦੀ ਕਸਰ ਸੁੱਖ ਸਹੂਲਤਾਂ ਨੇ ਕੱਢ ਛੱਡੀ, ਕੁੱਝ ਮਾਪੇ ਵੇਖੀ ਦੇ ਹਨ ਜੋ ਕਿ ਆਰਥਿਕ ਪੱਖੋਂ ਏਨੇ ਮਜ਼ਬੂਤ ਨਹੀਂ ਹੁੰਦੇ ਪਰ ਵੇਖੋ ਵੇਖੀ ਦੌੜ ਵਿੱਚ ਸ਼ਾਮਿਲ ਹਨ ਕਿ ਸ਼ਹਿਰਾਂ ਦੇ ਸਕੂਲਾਂ ਅਤੇ ਵੱਡੀਆਂ ਇਮਾਰਤਾਂ ਮਗਰ ਦੌੜਨਾ ਹੈ ਭਾਵੇਂ ਨੇੜੇ ਪਿੰਡਾਂ ਵਿੱਚ ਥੋੜ੍ਹੀ ਦੂਰੀ ਤੇ ਚੰਗੀ ਸੰਸਥਾ ਹੋਵੇ ਜੋ ਕਿ ਬੱਚੇ ਦੇ ਸਰਬਪੱਖੀ ਵਿਕਾਸ ਲਈ ਕਾਰਜਸ਼ੀਲ ਹੋਵੇ , ਮੈਂ ਤਾਂ ਇਹੋ ਕਹਿਣਾ ਚਾਹਾਂਗੀ ਕਿ ਜਰੂਰੀ ਨਹੀਂ ਹੈ ਕਿ ਇਮਾਰਤਾਂ ਅਤੇ ਲਗਜ਼ਰੀ ਕਲਾਸ ਰੂਮ ਹੀ ਬੱਚਿਆਂ ਦਾ ਭਵਿੱਖ ਬਣਾ ਸਕਦੇ ਹਨ ਮਾਤਾ ਪਿਤਾ ਨੂੰ ਇਹ ਵੀ ਸੋਚਣ ਦੀ ਜ਼ਰੂਰਤ ਹੈ ਕਿ ਸਾਡਾ ਬੱਚਾ ਕਿੰਨੀ ਦੂਰੀ ਤੇ ਜਾ ਰਿਹਾ ਹੈ ਕੀ ਉਹ ਬਹੁਤਾ ਸਮਾਂ ਸਫ਼ਰ ਵਿੱਚ ਹੀ ਤੇ ਨਹੀਂ ਗੁਜਾਰ ਰਿਹਾ ਜਾਂ ਕੁੱਝ ਸੰਸਥਾਵਾਂ ਦੇ ਵਾਧੂ ਖਰਚੇ ਸਾਡੀ ਜੇਬ ਅਤੇ ਦਿਮਾਗ ਦੋਵਾਂ ਉੱਤੇ ਬੋਝ ਤਾਂ ਨਹੀਂ ਬਣੇ , ਸੋ ਬਾਹਰੀ ਚਕਾਚੌਂਧ ਅਤੇ ਦਿਖਾਵਿਆਂ ਨੂੰ ਛੱਡ ਕੇ ਬੱਚੇ ਨੂੰ ਸਹੀ ਮਾਰਗ ਦਰਸ਼ਨ ਦੇਣ ਵਾਲੀ ਸੰਸਥਾ ਨੂੰ ਚੁਣਨ ਦੀ ਲੋੜ ਹੁੰਦੀ ਹੈ ਬਜਾਇ ਇਸ ਗੱਲ ਦੇ ਕਿ ਅਸੀਂ ਸਾਰਾ ਕੁੱਝ ਵਾਧੂ ਹੀ ਲੁਟਾਈ ਜਾਈਏ।

ਲੇਖਕ :ਹਰਵਿੰਦਰ ਕੌਰ ਕਾਹਲੋਂ

**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ**

**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**

## ਮਜ਼ਹਬ ਦੇ ਨਾਂ 'ਤੇ ਇੱਕ ਹੋਰ ਵਹਿਸ਼ੀ ਕਾਰਾ ਹੋਇਆ ਹੈ।



ਮਜ਼ਹਬ ਦੇ ਨਾਂ ' ਤੇ ਇੱਕ ਹੋਰ ਵਹਿਸ਼ੀ ਕਾਰਾ ਹੋਇਆ ਹੈ।


ਇਸ ਤਸਵੀਰ ਵਿੱਚ ਜੋ ਬੰਦਾ ਨਜ਼ਰ ਆਉਂਦਾ ਹੈ ਇਸਦਾ ਨਾਮ ਸਲੀਮ ਹੈ।ਇਹ ਇਕ ਮੁਸਲਮਾਨ ਸੀ। ਇਸਨੇ ਇਸਲਾਮ ਵਿਚਲੀ ਕੱਟੜਤਾ ਨੂੰ ਲੱਤ ਮਾਰੀ ਤੇ ਇਸਲਾਮ ਅਤੇ ਕੁਰਾਨ ਚ ਲਿੱਖੀਆਂ ਆਇਤਾ ਦੀ ਵਿਆਖਿਆ ਦੀ ਵਿਆਖਿਆ ਆਪਣੇ ਨਜ਼ਰੀਏ ਨਾਲ ਕਰਨ ਲੱਗ ਪਿਆ ਤੇ ਉਸਨੂੰ ਲੋਕਾਂ ਦੇ ਸਾਹਮਣੇ ਸਬੂਤਾਂ ਦੇ ਅਧਾਰ ਤੇ ਪੇਸ਼ ਕਰਨ ਲੱਗਾ। ਜਿਸ ਕਰਕੇ ਕਈ ਕੱਟੜ ਮੁਸਲਮਾਨ ਇਸਦੇ ਵਿਰੋਧੀ ਬਣ ਗਏ ।

ਇਹ ਕੁਰਾਨ ਦਾ ਤਰਜੁਮਾ ਮੌਲਵੀਆਂ ਨਾਲ ਬਹਿਸ ਕਰਕੇ ਕੁਰਾਨ 'ਚ ਲਿਖੀ ਸਚਾਈ ਸਾਹਮਣੇ ਰੱਖ ਕੇ ਕਰਦਾ ਸੀ। ਉਸਦਾ ਤਰਕ ਸੀ ਕਿ ਕੁਰਾਨ ਵਿੱਚ ਦੋ ਕੁੱਝ ਲਿਖਿਆ ਹੋਇਆ ਹੈ ਮੁਹੰਮਦ ਸਾਹਿਬ ਦਾ ਹੀਂ ਲਿਖਿਆ ਹੋਇਆ ਹੈ ਨਾ ਕਿ ਅੱਲ੍ਹਾ ਨੇ ਨਹੀਂ ਉਪਰੋਂ ਲਿਖ ਕੇ ਭੇਜਿਆ ਹੈ ਅਤੇ ਇਹ ਅਸਮਾਨੀ ਕਿਤਾਬ ਨਹੀਂ ਬਲਕਿ ਮੁਹੰਮਦ ਸਾਹਿਬ ਵੱਲੋਂ ਲਿੱਖੀ ਗਈ ਕਿਤਾਬ ਹੈ।

ਬੱਸ ਇਸੇ ਕਰਕੇ ਮੌਲਵੀਆਂ ਅਤੇ ਕੱਟੜ ਮੁਸਲਮਾਨਾਂ ਨੂੰ ਸੱਚ ਸੁਣਨਾ ਬਰਦਾਸ਼ਤ ਨਹੀਂ ਹੋਇਆ ਤੇ ਓਹੀ 'ਸਰ ਤਨ ਸੇ ਜੁਦਾ' ਕਰ ਦੇਣ ਵਾਲ਼ਾ ਫਤਵਾ ਜਾਰੀ ਕਰ ਦਿੱਤਾ ਗਿਆ । ਜਿਸ 'ਤੇ ਅਮਲ ਕਰਕੇ ਕਿਸੇ ਸਿਰਫਰੇ ਇਸਲਾਮ ਦੇ ਕੱਟੜ ਠੇਕੇਦਾਰ ਨੇ ਤਲਵਾਰ ਨਾਲ ਗੱਲੇ ਉੱਤੇ ਵਾਰ ਕਰਕੇ ਡੂੰਘਾ ਟੱਕ ਲਾ ਦਿੱਤਾ ਜਿਸ ਕਰਕੇ ਇਸ ਦੀ ਮੌਤ ਹੋ ਗਈ।

ਲੇਖਕ : ਬਰਕਤ ਸਿੰਘ ਵੋਹਰਾ।

# ਔਖੇ ਵੇਲੇ ਕੌਣ ਹੁੰਦਾ ਹੈ ਨਾਲ, ਕੋਈ ਵੀ ਨਹੀਂ। ਬਾਰ ਬਾਰ ਗਲਤੀ ਇਹ ਕਰਦੇ ਹਾਂ ਜੋ ਵੀ ਸਾਨੂੰ ਜ਼ਰਾ ਵੀ ਕੁੱਝ ਕਹਿ ਰਿਹਾ ਹੁੰਦਾ



ਔਖੇ ਵੇਲੇ ਕੌਣ ਹੁੰਦਾ ਹੈ ਨਾਲ, ਕੋਈ ਵੀ ਨਹੀਂ। ਬਾਰ ਬਾਰ ਗਲਤੀ ਇਹ ਕਰਦੇ ਹਾਂ ਜੋ ਵੀ ਸਾਨੂੰ ਜ਼ਰਾ ਵੀ ਕੁੱਝ ਕਹਿ ਰਿਹਾ ਹੁੰਦਾ .. ਅਸੀਂ ਉਸ ਨੂੰ ਪੂਰੀ ਗਾਥਾ ਸੁਣਾ ਰਹੇ ਹੁੰਦੇ ਆਪਣੀ .. ਕਿ ਮੈਂ ਇਹ ਸਹਿ ਰਿਹਾ ਹਾਂ ਇਹ ਸਹਿ ਰਹੀ ਹਾਂ.. ਮੈਨੂੰ ਹੋਰ ਨਾ ਤੰਗ ਕਰੋ.. ਪਰ ਤੁਹਾਡੇ ਕਹੇ ਦਾ ਅਕਸਰ ਕੋਈ ਅਸਰ ਨਹੀਂ ਹੁੰਦਾ ਕਿਸੇ ਤੇ .. ਉਲਟਾ ਵਾਰ ਵਾਰ ਆਪਣੀਆਂ ਪੀੜਾਂ ਗਿਨਾਉਣਾ.. ਮਾਨਸਿਕ ਤਣਾਅ ਦਾ ਸਿਖ਼ਰ ਬਣ ਜਾਂਦਾ ਹੈ।

ਇਸ ਵਿੱਚ ਸਿੱਖਣ ਦੀ ਬਹੁਤ ਲੋੜ ਹੈ.. ਇਹ ਦੁਨੀਆਂ ਬੇਅਸਰ ਹੈ ਚਾਹੇ ਤੁਸੀਂ ਸੱਚਮੁੱਚ ਮਰ ਰਹੇ ਹੋਵੋ.. ਦੁਨੀਆਂ ਦੇ ਆਪਣੇ ਮਸਲੇ ਹਨ ਆਪਣੀਆਂ ਜ਼ਰੂਰਤਾਂ.. ਜੇ ਤੁਹਾਨੂੰ ਝੂਠ ਬੋਲ ਕੇ ਕਿਸੇ ਦਾ 100 ਰੁਪਈਆ ਬਣਦਾ ਉਹ ਬਣਾ ਲਵੇਗਾ... ਤੁਹਾਨੂੰ ਕਚਿਹਰੀ ਭੇਜਕੇ ਕਿਸੇ ਨੂੰ ਲੱਖ ਰੁਪਈਆ ਵੱਧ ਬਣਦਾ ਉਹ ਪੂਰਾ ਜ਼ੋਰ ਲਾਵੇਗਾ.. ਛੱਡਣ ਤੋਂ ਪਹਿਲਾਂ ਨਹੀਂ ਸੋਚਦੇ ਹੁਣ ਲੋਕ .. ਉਹਨਾਂ ਤੁਹਾਨੂੰ ਪਹਿਲਾਂ ਹੀ ਛੱਡਿਆ ਹੁੰਦਾ ਬਸ ਮਤਲਬ ਜੋੜ ਕੇ ਰੱਖ ਰਿਹਾ ਹੁੰਦਾ ..

ਜਿਨ੍ਹਾਂ ਅੱਗੇ ਤੁਹਾਡਾ ਦੁੱਖ ਬੇਅਸਰ ਹੈ .. ਉਹਨਾਂ ਅੱਗੇ ਕਿਰਪਾ ਕਰਕੇ ਕਦੇ ਦੁਖੀ ਨਾ ਹੋਵੋ। ਪੱਥਰ ਦੇ ਕੰਨ ਨਹੀਂ ਹੁੰਦੇ ਨਾ ਉਹ ਮਹਿਸੂਸ ਕਰ ਸਕਦਾ ਹੈ। ਕਈ ਜਗ੍ਹਾ ਸਹਿਣਾ ਚੁੱਪ ਰਹਿਣਾ ਜ਼ਰੂਰੀ ਹੈ, ਲਾਜ਼ਮੀ ਹੈ ਨਕਾਰਾਤਮਕ ( negative) ਬੰਦੇ ਅੱਗੇ ... ਕਦੇ ਵੀ ਨਾ ਰੋਵੋ। ਜ਼ਿੰਦਗੀ ਬੇਸ਼ਕੀਮਤੀ ਹੈ .. ਤੇ ਤੁਸੀਂ ਬਹੁਤ ਪਿਆਰੇ .. ਆਪਣਾ ਖ਼ਿਆਲ ਰੱਖੋ। ਹਰ ਵਕਤ ਲੰਘ ਜਾਂਦਾ ਹੈ .. ਹਰ ਵਕਤ ...

- ਮਨਦੀਪ ਕੌਰ ਟਾਂਗਰਾ

## ਓਸ਼ੋ ! ਨਾਮ ਹੀ ਕਾਫੀ ਹੈ ।



ਸੱਚ ਦੇ ਦੁਸ਼ਮਣ ਬਹੁਤ ਜਿਆਦਾ ਹੁੰਦੇ ਆ ਤੇ ਝੂਠ ਦੇ ਸਾਥੀ ਜਿਆਦਾ ਹੁੰਦੇ ਆ । ਉਸ ਤਰ੍ਹਾਂ ਜਦੋਂ ਕਈ ਮਹੀਨੇ ਪਹਿਲਾ ਮੈ ਓਸ਼ੋ ਦਾ ਸੈੱਟ ਬਣਾਇਆ ਸੀ ਤਾਂ ਓਦੋਂ ਬਹੁਤ ਸਾਰੇ ਲੋਕਾਂ ਨੇ ਆਲੋਚਨਾ ਕੀਤੀ ਸੀ । ਉਹਨਾਂ ਵਿੱਚੋ ਜ਼ਿਆਦਾਤਰ ਸੁਣੀਆ ਸੁਣਾਈਆ ਆਲੇ ਹੀ ਸੀ ਪੜ੍ਹਨ ਵਾਲਾ ਕੋਈ ਵੀ ਨਹੀ ਸੀ । ਦੂਜੀ ਗੱਲ ਕਿਤਾਬਾਂ ਪੜ੍ਹਨਾ ਹਰ ਇੱਕ ਦੇ ਵੱਸ ਦੀ ਗੱਲ ਨਹੀ ਕਿਉਕਿ ਇਸਦੇ ਲਈ ਸਬਰ ਹੋਣਾ ਬਹੁਤ ਜ਼ਰੂਰੀ ਆ ਜਿਹੜਾ ਸਾਡੇ ਲੋਕਾਂ ਵਿਚ ਬਹੁਤ ਘੱਟ ਆ ।

ਮੈ ਸਭ ਤੋਂ ਪਹਿਲਾ ਓਸ਼ੋ ਦੁਆਰਾ ਕੀਤੀ ਜਪੁਜੀ ਸਾਹਿਬ ਦੀ ਵਿਆਖਿਆ ਪੜ੍ਹੀ ਸੀ । ਜਿੰਨਾ ਗੁਰੂ ਨਾਨਕ ਪਾਤਸ਼ਾਹ ਨੂੰ ਓਸ਼ੋ ਨੇ ਸਮਝਿਆਂ ਸ਼ਾਇਦ ਹੀ ਕਿਸੇ ਹੋਰ ਨੇ ਓਨਾ ਸਮਝਿਆਂ ਹੋਵੇ ।

ਇਹ ਕਿਤਾਬਾਂ ਦਾ ਸੈੱਟ ਤੁਹਾਡੇ ਆਪਣੇ ਆਪ ਬਾਰੇ ਹੈ , ਤੁਹਾਡੇ ਦਿਮਾਗ , ਤੁਹਾਡੇ ਮਨ ਅਤੇ ਤੁਹਾਡੇ ਵਿਚਾਰਾਂ ਬਾਰੇ ਹੈ । ਜੇਕਰ ਤੁਸੀ ਵੀ ਮੇਰੀ ਤਰ੍ਹਾਂ ਸੋਚਦੇ ਹੋ :-

ਅਸੀ ਧਰਤੀ ਤੇ ਕਿਉ ਹਾਂ ??

ਸਾਡੀ ਜਿੰਦਗੀ ਦਾ ਉਦੇਸ਼ ਕੀ ਹੈ , ਮਕਸਦ ਕੀ ਹੈ ??

ਧਰਤੀ ਤੇ ਕੀ ਲੱਭ ਰਹੇ ਹਾਂ ??

ਜਦੋਂ ਪਤਾ ਵੀ ਇੱਕ ਦਿਨ ਤੁਰ ਜਾਣਾ ਫੇਰ ਏਨੀ ਭੱਜ ਨੱਠ ਕਿਉ ??

ਮਨ ਕਿਉ ਭੱਜਦਾ ਰਹਿੰਦਾ ਇੱਕ ਜਗ੍ਹਾ ਟਿਕਦਾ ਕਿਉ ਨਹੀ ??

ਗੁੱਸਾ ਕਿਉ ਆਉਂਦਾ , ਜਿੰਦਗੀ ਵਿਚ ਸਬਰ ਕਿਉ ਨਹੀਂ ??

ਬਹੁਤ ਅਜਿਹੇ ਸਵਾਲ ਜਿਹੜੇ ਸਾਡੇ ਮਨ ਵਿੱਚ ਆਉਂਦੇ ਜਦੋਂ ਅਸੀਂ ਇਕੱਲੇ ਹੁੰਦੇ ਹਾਂ । ਪਰ ਅਸੀਂ ਕਦੇ ਵੀ ਇਹਨਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕਰਦੇ । ਬੱਸ ਅਸੀ ਆਪਣੇ ਆਰਾਮਦਾਇਕ ਘੇਰੇ ਨੂੰ ਕਦੇ ਨਹੀਂ ਤੋੜਨਾ ਚਾਹੁੰਦੇ । ਬੱਸ ਅਸੀ ਇੱਕ ਜਗ੍ਹਾ ਰੁਕਣਾ ਚਾਹੁੰਦੇ ਹਾਂ ਤੇ ਰੁਕ ਕੇ ਅਸੀਂ ਖੜ੍ਹੇ ਪਾਣੀ ਦੀ ਤਰ੍ਹਾਂ ਹੋ ਜਾਦੇ ਆ। ਪਾਣੀ ਦਾ ਗੁਣ ਰੁਕਣਾ ਨਹੀਂ ਵਹਿਣਾ ਹੈ ।

ਇਨਸਾਨ ਦੀ ਸਭ ਤੋਂ ਵੱਡੀ ਲੜਾਈ ਆਪਣੇ ਆਪ ਨਾਲ ਆ ਜੇਕਰ ਤੁਸੀ ਆਪਣੇ ਆਪ ਨੂੰ ਜਿੱਤ ਲਿਆ ਤਾਂ ਸਭ ਕੁਝ ਜਿੱਤ ਲਿਆ । ਕਿਰਪਾ ਕਰਕੇ ਇਹ ਸੈੱਟ ਨੂੰ ਵੀ ਉਹੀ ਪੜ੍ਹਨ ਜੋ ਆਪਣੇ ਆਪ ਨੂੰ ਜਿੱਤਣਾ ਚਾਹੁੰਦੇ ਆ । ਸੁਣੀਆਂ ਸੁਣਾਈਆਂ ਗੱਲਾਂ ਕਰਨ ਵਾਲੇ ਕਿਰਪਾ ਕਰਕੇ ਦੂਰ ਰਹਿਣ ।

ਕਿਤਾਬਾਂ ਦੀ ਕੀਮਤ 1100

ਘਰ ਬੈਠੇ ਪਾਰਸਲ ਰਾਹੀਂ ਕਿਤਾਬ ਮੰਗਵਾਉਣ ਲਈ whats app 083070 07508 ਐਡਰੈੱਸ ਭੇਜੋ ਜੀ।

# ਡੈਡੀ ਜੀ ਦੇ ਨਾਮ ਖ਼ੱਤ, ਮਾਨਯੋਗ ਡੈਡੀ ਜੀ, ਸਤਿਕਾਰ ਸਾਹਿਤ ਪ੍ਰਨਾਮ



ਸਤਿਕਾਰ ਸਾਹਿਤ ਪ੍ਰਨਾਮ ।

ਉਸ ਵਕਤ ਡੈਡੀ ਜੀ ਜਦ ਤੁਸੀਂ ਵੀਰ ਦੇ ਕਾਰਨ ਪਰੇਸ਼ਾਨ ਹੁੰਦੇ ਸੀ ਤਾਂ ਮੇਰਾ ਮਨ ਉਬਲ ਉਬਲ ਪੈਂਦਾ ਸੀ,ਤੁਹਾਡੇ ਨਾਲ ਸਵਾਲ ਜਵਾਬ ਕਰਾਂ ਤੇ ਤੁਹਾਨੂੰ ਅਹਿਸਾਸ ਕਰਾਵਾਂ ਕਿ ਇਹ ਦੁੱਖ ਤੁਸੀਂ ਲੱਖਾਂ ਕਰੋੜਾਂ ਦੇ ਇਵਜ਼ ਆਪ ਸਹੇੜਿਆ ਹੈ। ਪਰ ਤੁਸੀਂ ਕਦੇ ਧੀਆਂ ਨੂੰ ਇੰਨਾ ਦਰਜਾ ਹੀ ਨਹੀਂ ਦਿੱਤਾ ਸੀ ਕਿ ਉਹ ਆਪਣੀ ਹੋਂਦ ਦਾ ਅਹਿਸਾਸ ਤੱਕ ਵੀ ਕਰਾ ਸਕਣ ।

ਦੋ ਧੀਆਂ ਤੇ ਤੀਜੀ ਵਾਰ ਤੁਸੀਂ.....ਕੋਈ ਓਹੜ ਪੋਹੜ ਨਾਂ ਛੱਡਿਆ,ਕੋਈ ਅਲੀ ਔਲੀਆ,ਕੋਈ ਪੀਰ ਪੈਗੰਬਰ,ਮੜ੍ਹੀ ਮਸਾਣੀ,ਜਿਥੇ ਕਿਤੇ ਵੀ ਮੁੰਡੇ ਪੁੱਤਰ ਦੀ ਦਾਤ ਪੁੜੀਆਂ ਤਵੀਤਾਂ ਚ ਬੰਨ੍ਹਨ ਕੇ ਵੰਡਣ ਦੀ ਦੱਸ ਪਾਈ ਜਾਂਦੀ ਤੁਸੀਂ ਨੰਗੇ ਪੈਰ ਨਿਰਆਹਾਰ ਤੁਰ ਪੈਂਦੇ,ਦੁਪਹਿਰਾਂ ਦੀ ਆਨੇ ਕੱਢਣੀ ਧੁੱਪ ਚਾਹੇ ਸਾਉਣ ਭਾਦੋਂ ਦੀ ਲੰਮੀ ਝੜੀ,ਤੇ ਚਾਹੇ ਪੋਹ ਦਾ ਕੱਕਰ ਕੁਝ ਵੀ ਤੁਹਾਡੇ ਆੜੇ ਆਉਣ ਦੀ ਹਿੰਮਤ ਨਾਂ ਕਰ ਸਕਦਾ।ਤੇ ਖ਼ਵਰੇ ਕਿੰਨੀਆਂ ਧੀਆਂ ਦੀ ਬਲੀ।ਤੇ ਫੇਰ ਤੁਹਾਨੂੰ ਉਪਰਵਾਲੇ ਨੇ ਇਸ ਅਣਮੁੱਲੀ ਦਾਤ ਨਾਲ ਨਿਵਾਜ ਹੀ ਦਿੱਤਾ।

ਕਾਕੇ ਦੇ ਸਿਰ ਤੇ ਜਿੰਨੇ ਵਾਲ ਸਨ ਉਤਨੀਆਂ ਤੁਹਾਡੇ ਸਿਰ ਸੁਖਣਾ ਸਨ,ਜੋ ਤੁਸੀਂ ਅੱਜ ਤੱਕ ਵੀ ਪੂਰੀਆਂ ਨਹੀਂ ਲਾਹ ਸਕੇ। ਡੈਡੀ ਜੀ ਕਾਕੇ ਦੇ ਜਨਮ ਤੇ ਤੁਸੀਂ ਆੜ੍ਹਤੀਏ ਕੋਲੋਂ ਜੋ ਕਰਜਾ ਲਿਆ ਸੀ ਜਸ਼ਨ ਮਨਾਉਣ ਲਈ,ਉਹ ਵੀ ਦੂਣ ਸਵਾਇਆਂ ਹੋ ਤੁਹਾਡੇ ਗਲ ਦਾ ਤੌਖ਼ ਬਣ ਗਿਆ।ਅੱਧਾ ਕਿੱਲਾ ਗਹਿਣੇ ਪਾ ਉਹ ਕਰਜਾ ਉਤਰਿਆ,ਤੇ ਗਹਿਣੇ ਦੀ ਰਕਮ ਪੂਰੀ ਨਾਂ ਹੋਈ ਤੇ ਉਹ ਤੂੜੀ ਦੇ ਭਾਅ ਬੈਅ ਹੋ ਗਿਆ,ਇੰਨੇ ਨੂੰ ਕਾਕਾ ਵੱਡਾ ਹੋ ਗਿਆ,ਖਰਚ ਤੇ ਉਹਦੇ ਪਹਿਲਾਂ ਵੀ ਵਿਤੋਂ ਵੱਧ ਸੀ ਜਿਉਂ ਹੀ ਉਹ ਥੋੜਾ ਹੋਸ਼ ਸੰਭਲਿਆ ਤੇ ਉਹਦੇ ਖਰਚੇ ਤੁਹਾਡੀ ਚਾਦਰ ਤੋਂ ਵੀ ਬਾਹਰ ਨਿਕਲਣ ਲਗੇ। ਅਸੀਂ ਦੋਵੇਂ ਭੈਣਾਂ ਤੰਗੀ ਤੁਰਸ਼ੀ ਵਿੱਚ ਮਰਦੀਆਂ ਜਿਉਂਦੀਆਂ ਦਸਵੀਂ ਜਮਾਤ ਚੰਗੇ ਨੰਬਰਾਂ ਵਿੱਚ ਪਾਸ ਕਰ ਹੀ ਗਈਆਂ। ਹੁਣ ਮਸਲਾ ਸੀ ਅਗੋਂ ਪੜ੍ਹਨ ਦਾ,ਤਸਾਂ ਤੇ ਕਦੀ ਸਾਨੂੰ ਏਨਾ ਹੱਕ ਹੀ ਨਹੀਂ ਸੀ ਦਿੱਤਾ ਕਿ ਅਸੀਂ ਤੁਹਾਡੇ ਸਾਹਮਣੇ ਉੱਚ ਸਿੱਖਿਆ ਦੀ ਗਲ ਵੀ ਕਰ ਸਕਦੇ,ਮੁੱਖ ਅਧਿਆਪਕ ਦਾ ਘਰ ਭਰ ਕੇ ਤੁਸੀਂ ਕਾਕੇ ਦਾ ਪ੍ਰਾਇਮਰੀ ਪਾਸ ਦਾ ਸਰਟੀਫੀਕੇਟ ਲੈ ਲਿਆ।ਉਹਨੂੰ ਛੇਵੀਂ ਜਮਾਤ ਚ ਦਾਖਲ ਕਰਾਉਣ ਲਈ ਤੁਹਾਨੂੰ ਦਿਨੇ ਤਾਰੇ ਦਿਸੇ ਪਰ ਤੁਸੀਂ ਬਿਲ ਆਖਰ ਦੋ ਨੰਬਰ ਚ ਕਾਕੇ ਦਾ ਦਾਖਲਾ ਵੱਡੇ ਸਕੂਲੇ ਕਰਾ ਹੀ ਲਿਆ।

ਅੱਜ ਜਦੋਂ ਤੁਹਾਡਾ ਲਾਡਲਾ ਪੁੱਤ ਜਿਉਣ ਦੀ ਜੰਗ ਲੜ ਰਿਹਾ ਹੈ,ਤੇ ਮੈਨੂੰ ਅਕਸਰ ਯਾਦ ਅਉਂਦੈ,' ਕਾਕਾ ਥੋੜ੍ਹਾ ਥੋੜ੍ਹਾ ਤੁਰਨ ਲਗਾ ਸੀ ਤੇ ਦਾਦੀ ਉਹਨੂੰ ਡੰਡਾ ਚੁੱਕ ਲਿਆਉਣ ਲਈ ਕਹਿੰਦੀ,ਉਹਨੂੰ ਬਹਾਦਰ ਬਣਾਉਣ ਲਈ ਇਹ ਡੰਡਾ ਭੈਣਾਂ ਨੂੰ ਮਾਰਨ ਲਈ ਉਕਸਾਇਆ ਜਾਂਦਾ,ਉਹਦੇ ਕੋਲੋਂ ਜਿਥੇ ਵੱਜਦਾ ਉਹ ਸਾਡੇ ਡੰਡਾ ਲਾ ਦੇਂਦਾ ਅਸੀਂ ਚੀਖਦੀਆਂ ਤੇ ਸਾਰੇ ਹੱਸ ਹੱਸ ਲੋਟ ਪੋਟ ਹੁੰਦੇ ਸਾਡੀਆਂ ਗੁੱਤਾਂ ਪੁਟਦਾ ਵਾਲ ਖੋਹ ਛੱਡਦਾ,ਉਹ ਬੋਲਣਾ ਸਿੱਖਿਆ ਤਾਂ ਉਹਨੂੰ ਮੋਟੀਆਂ ਗਾਲਾਂ ਕੱਢਣ ਤੋਂ ਕਿਸੇ ਨਾਂ ਟੋਕਿਆ ਸਗੋਂ ਖੁਸ਼ੀ ਮਨਾਈ ਜਾਂਦੀ,ਕਿ ਉਹ ਥੱਥਾ ਨਹੀਂ ਹੈ।ਉਹਦੇ ਕਾਰਨਾਮਿਆਂ ਦੇ ਉਲ੍ਹਾਂਭੇ ਆਂਢੌਂ ਗਵਾਂਢੌਂ ਤੇ ਸਕੂਲੋਂ ਆਉਣ ਲਗੇ,ਤੇ ਤੁਸਾਂ ਉਹਨੂੰ ਰਾਹੇ ਰਾਹ ਲਾਉਣ ਦੇ ਥਾਂ ਗਵਾਂਢ ਨਾਲ ਹੀ ਥਾਣੇ ਪਥਾਣੇ ਹੋ ਜਾਂਦੇ,ਸਕੂਲ ਦੇ ਮੁਖੀ ਦੀ ਸ਼ਕਾਇਤ ਲਾ ਉਹਨੂੰ ਘਰੋ ਬੇਘਰ ਕਰਵਾ ਦਿੱਤਾ।ਕਾਕੇ ਦੀ ਕਰਤੂਤ ਨੂੰ ਤੁਸੀਂ ਬਹਾਦਰੀ ਦਾ ਅਹੁਦਾ ਦੇਂਦੇ ਤੇ ਉਹਨੂੰ ਇਨਾਮਾਂ ਨਾਲ ਨਵਾਜਦੇ।

ਬਾਰਾਂ ਸਾਲ ਦਾ ਵੀ ਨਹੀਂ ਸੀ ਕਿ ਤੁਸੀਂ ਚਾਅ ਵਿੱਚ ਹੀ ਉਹਨੂੰ ਟਰੇਕਟਰ ਦਾ ਸਟੇਰਿੰਗ ਫੜਾ ਦਿੱਤਾ,ਤੇ ਉਸ ਟਰੇਕਟਰ,ਸੱਜਰ ਗਾਂ ਵਛੜੇ ਸਮੇਤ ਚੜ੍ਹਾ੍ਹ ਦਿੱਤਾ ਬਾਜੀ ਲਗੀ ਉਹ ਵੀ ਥਲੇ ,ਕਿੰਨਾ ਚਿਰ ਮੰਜੇ ਤੇ ਰਿਹਾ ਤੇ ਕਿੰਨਾ ਪੈਸਾ ਲਗਾ,ਜੋ ਮਾਂ ਵਰਗੀ ਜਮੀਨ ਨੂੰ ਬੈਅ ਕਰਕੇ ਪੂਰਾ ਕੀਤਾ।ਉਸ ਵਕਤ ਨਾ ਤੁਹਾਨੂੰ ਤੇ ਨਾਂ ਦਾਦੀ ਨੂੰ ਨਾ ਮਾਂ ਨੂੰ ਇਹ ਖਿਆਲ ਆਇਆ ਕਿ ਜਮੀਨ ਹੀ ਸੱਭ ਦਾ ਪੇਟ ਭਰਦੀ ਹੈ,ਤੁਸਾਂ ਇਹੋ ਕਿਹਾ ਪੁੱਤ ਤੋਂ ਵਾਰ ਦਿੱਤਾ ਸੱਭ ਇਹਦਾ ਹੀ ਹੈ ਅੱਜ ਲੈ ਲਿਆ ਤਾਂ ਕੀ।ਉਹ ਮਸਾਂ ਉਠਿਆ ਹੀ ਸੀ ਕਿ ਉਸ ਮੋਟਰਬਾਈਕ ਮੰਗ ਲਿਆ।

ਮਾਂ ਨੇ ਕਿਹਾ ਮੈਨੂੰ ਬੜਾ ਚਾਅ ਮੇਰਾ ਪੁੱਤ ਮੋਟਰਸੈਕਲ ਤੇ ਮੈਨੂੰ ਚੜ੍ਹਾ ਕੇ ਲਜਾਵੇ ਤੇ ਵਿਆਜੀ ਕਿਸ਼ਤਾਂ ਤੇ ਓਦਣ ਹੀ ਮੋਟਰਸੈਕਲ ਵੀ ਤੁਸਾਂ ਲੈ ਦਿੱਤਾ।ਮੋਟਰਬਾਈਕ ਲੈਂਦੇ ਹੀ ਉਸਦੀ ਸੰਗਤ ਵੀ ਬਦਲ ਗਈ ਤੇ ਉਹ ਢਾਣੀਆਂ ਚ ਬਹਿ ਕੇ ਲੁਟਾਂ ਖੋਹਾਂ ਦੀ ਜੁਗਤ ਵੀ ਸਿੱਖ ਗਿਆ,ਤੇ ਇਸ ਤਰਾਂ ਉਸਦੇ ਐਬੇ ਵਧਦੇ ਗਏ ਉਹ ਕਦੇ ਸਕੂਲ ਨਾਂ ਵੜਦਾ।

ਤੁਹਾਨੂੰ ਆਪਣੀਆਂ ਧੀਆਂ ਦੀ ਗੈਰਤ ਅਣਖ ਤਾਂ ਪਤਾ ਸੀ ਪਰ ਪਰਾਈਆਂ ਧੀਆਂ ਤੁਹਾਨੂੰ ਪੱਥਰ ਦੀਆਂ ਲਗਦੀਆਂ। ਕਾਕਾ ਨਾਬਾਲਗ ਵੀ ਬਾਲਗਾਂ ਵਾਲ਼ੀਆਂ ਹਰਕਤਾ ਕਰਨ ਲਗਾ।ਤੁਸੀਂ ਕਦੇ ਉਸਨੂੰ ਨਾਂ ਟੋਕਿਆ,ਨਾਂ ਕਿਸੇ ਧੀ ਤੋਂ ਮਾਫ਼ੀ ਮੰਗੀ।ਤੁਸਾਂ ਕਦੇ ਨਾਂ ਉਸ ਨੂੰ ਉਹਨਾਂ ਸੁਖਣਾ ਦਾ ਵਾਸਤਾ ਪਾਇਆ ਜੋ ਅੱਜ ਵੀ ਉਤਾਰ ਰਹੇ ਹੋ।ਕਿਸਾਨ ਬੀਜ ਬੋਂਦਾ ਹੈ ਤਾਂ ਬੂਟਾ ਬਣਨ ਤੱਕ ਉਸਦੀ ਨਿਗਰਾਨੀ ਕਰਦਾ ਹੈ,ਪਰ ਤੁਸੀਂ ......

ਜਿਸ ਜਮੀਨ ਦਾ ਤੁਹਾਨੂੰ ਵਾਰਸ ਚਾਹੀਦਾ ਸੀ ਉਹ ਲਾਵਾਰਸ ਹੋ ਰਹੀ ਸੀ,ਤੇ ਵਾਰਸ ਉਹਦੀ ਕਬਰ ਤੇ ਅਯਾਸ਼ੀ ਮਾਣ ਰਿਹਾ ਸੀ।ਤੁਹਾਨੂੰ ਫੇਰ ਵੀ ਕੁਝ ਨਾਂ ਖੁੜਕੀ।

ਅਸੀਂ ਜਿਵੇਂ ਨਾ ਕਿਵੇਂ ਜੇ ਬੀ ਟੀ ਕਰ ਲੀ ਤੇ ਨੌਕਰੀ ਵੀ ਲਗ ਗਈਆਂ ਜਿਥੇ ਤੁਸੀਂ ਵਿਆਹ ਦਿੱਤਾ ਤੁਹਾਡੀ ਰਜ਼ਾ ਵਿੱਚ ਰਾਜ਼ੀ ਹਾਂ।

ਕਾਕਾ ਸਿੰਘ ਨੇ ਇਕ ਹੋਰ ਰੱਟ ਲਾ ਦਿੱਤੀ ਕਿ ਉਹ ਵਿਦੇਸ਼ ਜਾ ਕੇ ਆਪਣੀ ਗੀਤਾਂ ਦੀ ਅਲਬਮ ਕੱਢੇਗਾ।ਤਸਾਂ ਭੱਜ ਨੱਸ ਕਰਕੇ ਤੇ ਪੈਸਾ ਲਾ ਕੇ ਉਸਦੀ ਦੇਸ਼ ਵਿੱਚ ਇਕ ਐਲਬਮ ਤਾਂ ਕਢਵਾ ਦਿੱਤੀ ਪਰ ਉਸਨੇ ਬਾਹਰ ਜਾਣ ਦੀ ਜਿੱਦ ਫੜ ਲਈ।ਫਿਰ ਤੁਸਾਂ ਏਜੰਟ ਦੇ ਝਾਂਸੇ ਵਿੱਚ ਆ ਕੇ ਇਕ ਆਈਲਟ ਪਾਸ ਕੁੜੀ ਦੇ ਮਾਪਿਆਂ ਨਾਲ ਪੰਦਰਾਂ ਸੋਲਾਂ ਲੱਖ ਵਿੱਚ ਸੌਦਾ ਕਰ ਲਿਆ,ਪੜ੍ਹਿਆ ਤਾਂ ਹੈ ਨਹੀਂ ਸੀ ਕਦੇ ਉਹ ਪਰ ਬਾਰਾਂ ਜਮਾਤਾਂ ਪਾਸ ਦੀ ਸੰਨਦ ਵੀ ਲੈ ਦਿੱਤੀ ਤੁਸੀਂ।

ਇਹ ਜੋ ਕੁਝ ਮੈਂ ਕਿਹੈ,ਇਹ ਸੱਭ ਤੁਸੀਂ ਜਾਣਦੇ ਹੋ,ਤੇ ਸੱਭ ਜਾਣਦੇ ਹੋਏ ਇਸ ਵਾਰ ਵੀ ਤੁਸੀਂ ਆਪਣੇ ਲਾਡਲੇ ਨੂੰ ਰਾਹੇ ਨਾਂ ਪਾ ਸਕੇ ਉਹ ਤੇ ਆਪਣੀ ਜੁੰਡਲੀ ਤੇ ਏਜੰਟ ਨੂੰ ਹੀ ਆਪਣਾ ਖੈਰਖਵਾਹ ਸਮਝਦਾ ਸੀ ਤੇ ਤੁਹਾਡੇ ਇੰਨੀ ਕੁਰਬਾਨੀ ਨੂੰ ਉਸ ਮਿੱਟੀ ਵੀ ਨਾ ਜਾਣਿਆ ਤੇ ਜੋ ਟੋਟਾ ਜਮੀਨ ਦਾ ਬਚਿਆ ਸੀ ਉਹ ਬੈਂਕ ਦੇ ਹਵਾਲੇ ਕਰ ਕੁੜੀ ਵਾਲਿਆਂ ਤੇ ਏਜੰਟ ਦਾ ਘਰ ਭਰ ਦਿੱਤਾ ਤੇ ਫੇਰ ਸੱਭ ਟੂਮ ਛੱਲਾ ਵੇਚ ਧੂਮ ਧਾਮ ਨਾਲ ਕਾਕਾ ਸਿੰਘ ਦਾ ਵਿਆਹ ਹੋ ਗਿਆ।

ਜਿਸਨੂੰ ਤੁਸੀਂ ਸਿੱਕਿਆਂ ਨਾਲ ਤੋਲ ਕੇ ਨੂੰਹਰਾਣੀ ਬਣਾ ਕੇ ਲਿਆਂਦਾ ਸੀ,ਉਹਦਾ ਤੇ ਖ਼ਵਰੇ ਤੁਸੀਂ ਪਿਛਲੇ ਜਨਮ ਦਾ ਕਰਜ਼ਾ ਦੇਣਾ ਸੀ।ਉਹ ਕਾਕਾ ਸਿੰਘ ਨੂੰ ਬੁਲਾਉਣ ਦਾ ਦਿਲਾਸਾ ਦੇ ਕੇ ਫਲਾਈ ਕਰ ਗਈ।

ਕਾਕਾਸਿੰਘ ਬਾਹਰ ਜਾਂਦਾ ਜਾਂਦਾ ਅੰਦਰ ਚਲਾ ਗਿਆ,ਸ਼ਾਇਦ ਹੀ ਹੁਣ ਉਹ ਇਸ ਵਿਹੜੇ ਖੁਲੀ ਹਵਾ ਵਿੱਚ ਮੁੜ ਸਕੇ।

ਬੈਂਕ ਦੇ ਕਰਜੇ ਵਿੱਚ ਪੰਦਰਾਂ ਕਿਲੇ ਕੁਰਕ ਹੋ ਗਏ ।

ਸਾਡਾ ਅਰਸ਼ਾਂ ਦਾ ਰਾਜਾ ਬਾਬਲ ਫਰਸ਼ ਤੇ ਆਣ ਪਿਆ।

ਡੈਡੀ ਅਸੀਂ ਤੁਹਾਨੂੰ ਰੋਟੀ ਤੋਂ ਆਤੁਰ ਤਾਂ ਨਹੀਂ ਸੀ ਰਹਿਣ ਦੇਣਾ ਤੁਹਾਨੂੰ ਕੀ ਲੋੜ ਸੀ ਜਹਿਰ ਖਾਣ ਦੀ।ਤੁਹਾਡੀ ਔਲਾਦ ਹਾਂ ਅਸੀਂ।ਜਮੀਨ ਛੁਡਾਉਣ ਦੀ ਹੈਸੀਅਤ ਨਹੀਂ ਹੈ ਸਾਡੀ ਪਰ ਅਸੀਂ ਤੁਹਾਡੀ ਦੇਖ ਰੇਖ ਪੂਰੇ ਇਜ਼ਤ ਮਾਣ ਨਾਲ ਕਰਾਂਗੀਆਂ,ਰੱਬ ਨੇ ਤੁਹਾਨੂੰ ਨਵਾਂ ਜਨਮ ਦਿੱਤਾ,ਅਸੀਂ ਤੁਹਾਨੂੰ ਅੱਜ ਤੋਂ ਨਵੀਂ ਜਿੰਦਗੀ ਦੇਵਾਂਗੀਆਂ।ਵਾਹਿਗੁਰੂ ਦੀ ਮਿਹਰ ਹੋਵੇਗੀ ਤੇ ਵੀਰ ਵੀ ਘਰ ਆਜੇਗਾ।

ਡੈਡੀ ਜੀ , ਕਲ ਦੀ ਰਾਤ ਕਾਲੀ ਸੀ,ਪਰ ਰਾਤ ਹੀ ਤਾਂ ਸੀ "॥

ਆਪ ਜੀ ਦੀਆਂ ਧੀਆਂ

ਸੁਸ਼ਮਾ ਤੇ ਸਵੇਰਾ.........

ਚਲਦੇ ਚਲਦੇ—ਅਧੁਨਿਕਤਾ ਦੀ ਅੰਨ੍ਹੀ ਹਨੇਰੀ ਉੜਾ ਲੈ ਗਈ-

ਪੁੱਤਾਂ ਦੀ ਤੋਤਲੀ ਕਵਿਤਾ,ਧੀਆਂ ਦੇ ਅਲ੍ਹੜ ਹਾਸੇ॥........

ਰਣਜੀਤ ਕੌਰ ਗੁੱਡੀ ਤਰਨ ਤਾਰਨ

## ਹੋਲੀ



ਹੋਲੀ ਦਾ ਆਇਆ ਤਿਉਹਾਰ,
ਖੇਡਣ ਨੂੰ ਸਭ ਹੋਏ ਨੇ ਤਿਆਰ।
ਰੌਣਕ ਨੇ ਭਰ ਕੇ ਪਿਚਕਾਰੀ,
ਰੋਮਾਂਚਕ ਦੇ ਟਿਕਾ ਕੇ ਮਾਰੀ।
ਵਾਰੀ—ਵਾਰੀ ਵਜਾ ਕੇ ਘੰਟੀ,
ਮਸਾਂ ਕੱਢਿਆ ਬਾਹਰ ਬੰਟੀ।
ਰੰਗਾਂ ਨਾਲ ਭਰੇ ਹੋਏ ਗੁਬਾਰੇ,
ਬੱਚਿਆਂ ਇੱਕ ਦੂਜੇ ਦੇ ਮਾਰੇ।
ਸ਼ਾਮ ਤੱਕ ਪੈਂਦਾ ਰਿਹਾ ਸ਼ੋਰ,
ਈਸਟਾ ਕਹੇ ਮੈਂ ਖੇਡਣੀ ਹੋਰ।
ਚਾਰ ਚੁਫੇਰੇ ਖੁਸ਼ੀਆਂ ਦੇ ਰੰਗ,
ਮਹਿਸੂਸ ਨਾ ਹੁੰਦੀ ਭੋਰਾ ਠੰਡ।
ਮਾੜੇ ਰੰਗਾਂ ਤੋਂ ਕਰਿਓ ਗੁਰੇਜ਼,
ਚਮੜੀ ਨੂੰ ਪਹੁੰਚਾਉਂਦੇ ਨੇ ਠੇਸ।

ਪਤਾ— ਚਮਨਦੀਪ ਸ਼ਰਮਾ,
ਮਹਾਰਾਜਾ ਯਾਦਵਿੰਦਰਾ ਇਨਕਲੇਵ, ਨਾਭਾ ਰੋਡ, ਪਟਿਆਲਾ
ਸੰਪਰਕ— 95010 33005

# ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਸਰਗਰਮ**

ਸਰਗਰਮ ਰਹਿੰਦੇ ਹੋਂ ਤਾਂ ਚਾਲ ਢਾਲ ਵੀ ਦਰੁਸਤ ਰਹੇਗੀ । ਜ਼ਿੰਦਗੀ ਦਾ ਆਨੰਦ ਬੱਝਿਆ ਰਹੇਗਾ। ਕੰਮ ਧੰਦੇ ਵਕਤ ਸਿਰ ਨਿਪਟਦੇ ਰਹਿਣਗੇ। ਬੱਲੇ ਬੱਲੇ ਬਣੀ ਰਹੇਗੀ॥ ਲਗਾਤਾਰ ਸਰਗਰਮ ਰਹਿਣ ਵਾਲੇ ਦੀ ਜਾਣ ਪਹਿਚਾਣ ਦਾ ਅਉਰਾ ਪ੍ਰਭਾਵਸ਼ਾਲੀ ਹੁੰਦਾ ਰਹਿੰਦੈ। ਕੰਮ ਕਾਰ 'ਚ ਬਰਕਤ ਹੁੰਦੀ ਰਹਿੰਦੀ ਹੈ॥ ਲਗਨ,ਵਿਸ਼ਵਾਸ, ਦ੍ਰਿੜਤਾ ਤੇ ਨਿਹਚਾ ਨਾਲ ਕੰਮ 'ਚ ਸਰਗਰਮੀ ਚਲਦੀ ਰਹੇ ਤਾਂ ਜੀਵਨ ਦਾ ਉਤਸਾਹ ਕਾਇਮ ਰਹਿੰਦੈ। ਪ੍ਰਾਪਤੀਆਂ ਦੀ ਲਿਸਟ ਭਰਵੀ ਹੁੰਦੀ ਰਹਿੰਦੀ ਹੈ॥

**ਟੇਕ**

ਹਰ ਵਕਤ ਦੂੱਜਿਆਂ 'ਤੇ ਹੀ ਟੇਕ ਰੱਖ ਕੇ ਚੱਲਣ ਵਾਲਾ ਜ਼ਿੰਦਗੀ 'ਚ ਘੱਟ ਹੀ ਕਾਮਯਾਬ ਹੁੰਦੈ। ਸਵੈ ਵਿਸ਼ਵਾਸ ਹੀ ਸਫ਼ਲਤਾ ਦਾ ਇੱਕੋ ਇੱਕ ਮੰਤਰ ਹੁੰਦੈ॥ ਥਾਂ ਥਾਂ ਭਟਕਦਿਆਂ ਮੱਥੇ ਟੇਕਦੇ ਰਹਿਣਾ ਆਧੁਨਿਕ ਮਨੁੱਖ ਦੀ ਬੇਚੈਨੀ ਤੇ ਅਸਹਿਜਤਾ ਦੀ ਨਿਸ਼ਾਨੀ ਹੈ। ਚੇਤੇ ਰੱਖੋ! ਸਭ ਦਾ ਹੋਣਾ ਡਰਾਮਾਂ ਹੋ ਸਕਦੈ। ਇੱਕ ਦਾ ਹੋਣਾ ਅਪਣੱਤ॥ ਕਰੋ ਜਾਂ ਮਰੋ ਦਾ ਸਿਧਾਂਤ ਪੱਕਾ ਕਰ ਇੱਕੋ ਨਿਸ਼ਾਨੇ 'ਤੇ ਟੇਕ ਰੱਖ ਸਿਰੜ ਨਾਲ ਮਿਹਨਤ ਕਰਨ ਲੱਗ ਪਵੋ ਤਾਂ ਸਫ਼ਲਤਾ ਪੱਕੀ॥

ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

# ਗੁਰਮੀਤ ਕੜਿਆਲਵੀ ਦੀ ਕਾਵਿ ਕਿਤਾਬ 'ਜੇ ਤੂੰ ਨਾ ਹੁੰਦਾ' ( ਹਰਮੀਤ ਵਿਦਿਆਰਥੀ )



ਗੁਰਮੀਤ ਕੜਿਆਲਵੀ ਪਹਿਲ ਪਲੱਕੜੇ ਦਿਨਾਂ ਦਾ ਬੇਲੀ ਹੈ। 1990-91 ਵਿੱਚ ਹੀ ਉਸ ਦੀ ਪਹਿਲੀ ਕਹਾਣੀ "ਬਾਬਾ ਬੰਤੂ ਤੇ ਬੁੱਢਾ ਖੂਹ" ਨਾਗਮਣੀ ਵਿੱਚ ਛਪੀ ਸੀ ਤੇ ਪੰਜਾਬੀ ਦੇ ਕਹਾਣੀ ਜਗਤ ਵਿੱਚ ਇੱਕ ਸੱਜਰੀ ਜਿਹੀ ਹਵਾ ਵਗੀ ਸੀ। ਉਹਨਾਂ ਦਿਨਾਂ ਵਿੱਚ ਹੀ ਜਦੋਂ ਸੜਦੇ ਬਲਦੇ ਪੰਜਾਬ ਦੀਆਂ ਚੋਣਾਂ ਮੁਲਤਵੀ ਹੋਈਆਂ ਸਨ। ਗੁਰਮੀਤ ਕੜਿਆਲਵੀ ਫ਼ਿਰੋਜ਼ਪੁਰੀਏ ਨੇਤਾ ਲੇਖਕ ਮਿੱਤਰ ਲਾਲ ਸਿੰਘ ਸੁਲਹਾਣੀ ਦੀ ਚੋਣ ਮੁਹਿੰਮ ਵਿੱਚ ਪਹਿਲੀ ਵਾਰ ਰਾਜਾ ਟਾਕੀ ਵਿੱਚ ਮਿਲਿਆ ਸੀ , ਰਾਜਾ ਟਾਕੀ ਵਾਲਿਆਂ ਦਾ ਇੱਕ ਹਾਲ ਸੀ ਜਿਸ ਵਿੱਚ ਲਾਲ ਸਿੰਘ ਸੁਲਹਾਣੀ ਦਾ ਵੱਡੇ ਸੁਰੱਖਿਆ ਜਥੇ ਨਾਲ ਟਿਕਾਣਾ ਸੀ।

ਉਸ ਵੇਲੇ ਉਸ ਨਾਲ ਕੀ ਗੱਲਾਂ ਹੋਈਆਂ, ਜ਼ਿਆਦਾ ਯਾਦ ਨਹੀਂ ਪਰ ਏਨਾ ਯਾਦ ਹੈ ਕਿ ਜਦ ਮੈਂ ਉਸ ਦੀ ਕਹਾਣੀ ਦੀ ਤਾਰੀਫ਼ ਕੀਤੀ ਸੀ ਤਾਂ ਉਸ ਦਾ ਚਿਹਰਾ ਸੰਗ ਨਾਲ ਲਾਲ ਹੋ ਗਿਆ ਸੀ। ਆਹ ਅੰਗਰੇਜ਼ੀ ਵਾਲੇ ਜਿਸ ਨੂੰ blush ਕਰਨਾ ਕਹਿੰਦੇ ਨੇ। 1993 ਵਿੱਚ ਉਸ ਦਾ ਕਹਾਣੀ ਸੰਗ੍ਰਹਿ "ਅੱਕ ਦਾ ਬੂਟਾ " ਛਪਦਾ ਹੈ ਤੇ ਫਿਰ ਚਲੋ ਚਾਲ , ਉਹ ਪਿੱਛੇ ਮੁੜ ਕੇ ਨਹੀਂ ਵੇਖਦਾ। ਕਹਾਣੀਆਂ, ਮੁਲਾਕਾਤਾਂ, ਲੇਖ , ਯਾਦਾਂ, ਰੇਖਾ ਚਿੱਤਰ, ਨਾਟਕ , ਬਾਲ ਸਾਹਿਤ ਤੇ ਫਿਰ ਨਾਵਲ। ਉਸ ਦੀਆਂ ਕਹਾਣੀਆਂ ਵਿੱਚ ਤਾਰੇ ਚਿੱਬ ਕੱਢ ਦਾ ਸਵੈਮਾਣ, ਗੁਰਚਰਨੇ ਗਾਡਰ ਦੀ ਸੰਵੇਦਨਾ, ਆਤੂ ਖੋਜੀ ਦੇ ਰਿਜਕ ਦਾ ਧਰਮ ਨਿਭਾਉਂਦਿਆਂ ਸੱਚ ਨਾਲ ਖੜ੍ਹੇ ਹੋਣ ਦੀ ਦਲੇਰੀ ਸਾਫ਼ ਝਲਕਦੀ ਹੈ ।ਚੀਕ ,ਹੱਡਾਰੋੜੀ ਤੇ ਰੇਹੜੀ ਤੇ ਨਮੋਲੀਆਂ ਵਰਗੀਆਂ ਤਲਖ ਪਰ ਸੁੱਚੀਆਂ ਲਿਖਤਾਂ ਨੇ ਪਾਠਕਾਂ ਚਹੇਤਾ ਬਣਾ ਦਿੱਤਾ। ਸਾਰੰਗੀ ਦੀ ਮੌਤ ਦਾ ਦਰਦ ਲਿਖਦਿਆਂ ਉਹ ਪੰਜਾਬ ਦੀ ਪੀੜ ਨਾਲ ਇੱਕ ਸੁਰ ਹੋ ਗਿਆ ਸੀ।

ਉਸ ਦੀਆਂ ਕਹਾਣੀਆਂ ਜ਼ਿੰਦਗੀ ਦੇ ਖਰਵੇ ਰੁੱਖੇ ਸੱਚ ਨਾਲ ਟਕਰਾਉਣ ਦਾ ਵੱਲ ਦੱਸਦੀਆਂ ਹਨ । ਮਨੁੱਖ ਦੇ ਮੂਲ ਮਸਲਿਆਂ ਨਾਲ ਦਸਤਪੰਜਾ ਲੈਂਦੀਆਂ ਉਸ ਦੀਆਂ ਕਹਾਣੀਆਂ ਦੀ ਚਰਚਾ ਪੰਜਾਬ ਤੋਂ ਬਾਹਰ ਵੀ ਛਿੜੀ ਤੇ ਉਸਦੀਆਂ ਕਹਾਣੀਆਂ ਦੇ ਵੱਖ ਵੱਖ ਭਾਸ਼ਾਵਾਂ ਵਿੱਚ ਅਨੁਵਾਦ ਹੋਏ,ਫਿਲਮਾਂ ਬਣੀਆਂ। ਨਿੱਗਰ ਸਮਾਜਿਕ ਸੁਨੇਹੇ ਦਿੰਦੀਆਂ ਉਸ ਦੀਆਂ ਕਿਰਤਾਂ ਦੇ ਨਾਟਕੀ ਰੂਪਾਂਤਰ ਹੋਏ ।ਵਾਰਤਕ ਪੁਸਤਕ "ਖ਼ਤਰਨਾਕ ਅੱਤਵਾਦੀ ਦੀ ਜੇਲ੍ਹ ਯਾਤਰਾ" ਲਿਖੀ ਤਾਂ ਪਾਠਕਾਂ ਉਸਨੂੰ ਮੱਥੇ ਤੇ ਬਿਠਾ ਲਿਆ। ਉਸਨੇ ਬੱਚਿਆਂ ਲਈ ਵੀ ਸਾਹਿਤ ਦੀ ਸਿਰਜਣਾ ਕੀਤੀ।

ਆਪਣੀ ਸਾਹਿਤ ਸਿਰਜਣਾ ਦੇ ਇਹਨਾਂ ਸਾਰੇ ਸਮਿਆਂ ਦੌਰਾਨ ਉਹ ਕਵਿਤਾ ਵੀ ਲਿਖਦਾ ਰਿਹਾ। ਨਿੱਕੀਆਂ ਨਿੱਕੀਆਂ ਵੱਡੇ ਅਰਥਾਂ ਵਾਲੀਆਂ ਕਵਿਤਾਵਾਂ

"ਚਿੜੀਆਂ ਨੂੰ ਕਹੋ
ਘਰਾਂ ਅੰਦਰ ਤੜ ਕੇ ਰਹਿਣ
ਬਾਹਰ ਕਾਂ
ਅਮਨ ਰੈਲੀ ਕਰ ਰਹੇ ਨੇ"

ਤੇ ਜਾਂ ਫਿਰ

"ਗਰੀਬ ਨਿਵਾਜ਼
ਕੁਝ ਬਖਸ਼ਿਸ਼ ਕਰਨ ਦਾ ਮਨ ਹੈ
ਤਾਂ ਬਖਸ਼ ਦਿਓ ਸਾਰੇ ਰੰਗ
ਮੁੱਠਾਂ ਭਰ ਭਰ
ਖਿਲਾਰ ਦਿਆਂ ਅੰਬਰਾਂ 'ਤੇ
ਸਤਰੰਗੀਆਂ ਪੀਂਘਾਂ ਚੜ੍ਹ ਉੱਠਣ
ਤੂੰ ਤਾਂ ਜਾਣਦੈਂ
ਸਤਰੰਗੀਆਂ ਵੇਖਦਿਆਂ
ਮਚਲ ਉੱਠਦੀ ਹੈ ਮੁਹੱਬਤ

ਕਿਰਪਾ ਕਰੋ ਗੁਰੂਦੇਵ !!"

ਅਸੀਂ ਉਸਦੇ ਮਿੱਤਰ ਸ਼ੁਭਚਿੰਤਕ ਸੋਚਦੇ ਸਾਂ ਕਿ ਐਵੇਂ ਸ਼ੌਕੀਆ ਕਵਿਤਾ ਲਿਖਦਾ ਹੈ ਗੁਰਮੀਤ। ਉਹ ਆਪ ਵੀ ਹੱਸ ਕੇ ਆਖਦਾ ਕਿ ਕਦੇ ਕਦੇ ਲਿਖ ਲਈਦੀ ਏ ਕਵਿਤਾ ਵੀ। ਕਿਸੇ ਕਵੀ ਦਰਬਾਰ ਵਿੱਚ ਗੈਰਹਾਜ਼ਰੀ ਨਹੀਂ ਲੱਗਦੀ। ਫਿਰ ਉਸ ਅੰਦਰਲਾ ਕਵੀ ਜਿਵੇਂ ਵਹਿ ਤੁਰਿਆ ਹੋਵੇ। ਪਿੰਡ ਦੇ ਦਲਿਤ ਸਕੂਲ ਵਾਲੀ ਕਵਿਤਾ ਨੇ ਉਹਨੂੰ ਕਵੀ ਵਜੋਂ ਸਥਾਪਤ ਕਰ ਦਿੱਤਾ। ਉਸਦੀ ਲਿਖਤਕਾਰੀ ਵਿੱਚ ਕਵਿਤਾ ਵੀ ਜੁੜ ਗਈ ਗਈ ਅਤੇ ਉਸ ਦੀ ਪਛਾਣ ਦਾ ਇੱਕ ਹੋਰ ਪਸਾਰ ਬਣ ਗਈ।

ਜਦੋਂ ਵੀ ਉਹਦੇ ਕੋਲ ਜਾਈਦਾ ਹੈ ਉਦੋਂ ਹੀ ਪਤਾ ਲੱਗਦਾ ਹੈ ਕਿ ਉਸ ਦੀ ਕੋਈ ਨਵੀਂ ਕਿਤਾਬ ਆਈ ਹੈ। 24 ਕਿਤਾਬਾਂ ਛਪ ਚੁੱਕੀਆਂ ਹਨ। ਦੋ ਤਿੰਨ ਪ੍ਰੈਸ ਵਿੱਚ ਹੋਣੀਆਂ। ਪੰਜ ਸੱਤ ਖਰੜੇ ਆਪਣੀ ਵਾਰੀ ਦੀ ਉਡੀਕ ਕਰ ਰਹੇ ਹੋਣੇ। ਨੌਕਰੀ, ਸੈਮੀਨਾਰ, ਸਮਾਗਮ, ਲੈਕਚਰ, ਗੋਸ਼ਟੀਆਂ ਅਤੇ ਸਨਮਾਨ ਤਾਂ ਨਾਲ ਨਾਲ ਹੀ ਚੱਲਦੇ ਰਹਿੰਦੇ ਹਨ।

ਬੀਤੇ ਸਾਲ ਅਕਤੂਬਰ ਮਹੀਨੇ ਵਿੱਚ ਚੰਡੀਗੜ੍ਹ ਨੂੰ ਜਾਣਾ ਸੀ ਵਾਇਆ ਧਰਮਕੋਟ, ਸਿੱਧਵਾਂ ਬੇਟ । ਗੁਰਮੀਤ ਨੂੰ ਦੋ ਅਕਤੂਬਰ ਦੀ ਛੁੱਟੀ ਸੀ ਸੋ ਆਪਾਂ ਜਾ ਹਾਕ ਮਾਰੀ। ਚਾਹ ਦੀਆਂ ਚੁਸਕੀਆਂ ਦੇ ਨਾਲ ਉਸ ਨੇ ਜਸਵਿੰਦਰ ਧਰਮਕੋਟ ਦੀ 'ਮੈਲਾਨਿਨ' ,ਆਪਣੀ ਕਹਾਣੀਆਂ ਦੀ ਕਿਤਾਬ ' ਮੋਰ ਪੈਲ ਕਿਉਂ ਨਹੀਂ ਪਾਉਂਦੇ' ਮੈਨੂੰ ਫੜਾ ਦਿੱਤੀਆਂ। ਤੇ ਫਿਰ ਮਦਾਰੀ ਦੇ ਗਿਲੀ ਗਿਲੀ ਕਰਕੇ ਟੋਕਰੀ ਤੇ ਝੁਰਲੂ ਘੁਮਾ ਕੇ ਟੋਕਰੀ ਵਿੱਚੋਂ ਕੋਈ ਅਲੋਕਾਰੀ ਸ਼ੈਅ ਕੱਢਣ ਵਾਂਗ ਉਸ ਨੇ ਆਪਣਾ ਕਵਿਤਾ ਸੰਗ੍ਰਹਿ 'ਜੇ ਤੂੰ ਨਾ ਹੁੰਦਾ' ਵੀ ਮੇਰੀ ਝੋਲੀ ਪਾ ਦਿੱਤਾ।
ਮੈਂ ਖੁਸ਼ ਵੀ ਹੋਇਆ ਪਰ ਮੈਨੂੰ ਗੁੱਸਾ ਵੀ ਆਇਆ । ਗੁੱਸਾ ਇਸ ਗੱਲ ਦਾ ਕਿ ਪਤੰਦਰਾ ਕੋਈ ਖੇਤਰ ਤਾਂ ਸਾਡੇ ਲਈ ਰਹਿਣ ਦੇ। ਖ਼ੈਰ ਗੁੱਸਾ ਕਰਕੇ ਵੀ ਕੀ ਹੋਣਾ।ਆਪਣਾ ਹੀ ਖੂਨ ਸਾੜਨਾ ਸੀ। ਚੰਗਾ ਹੈ ਕਿ ਹੱਸ ਕੇ ਉਸਦੇ ਇਸ ਸਫ਼ਰ ਨੂੰ ਵੀ ਜੀ ਆਇਆਂ ਨੂੰ ਕਹੋ।

ਗੱਲ 'ਜੇ ਤੂੰ ਨਾ ਹੁੰਦਾ' ਦੀ ਕਰਨੀ ਸੀ ਪਰ ਗੱਲ ਲੰਮੀ ਹੋ ਗਈ। ਹੋਣੀ ਹੀ ਸੀ ਸਾਥ ਜੁ ਲੰਮਾ ਹੈ। ਚੱਤੀ ਵਰ੍ਹੇ ਲੰਮੀ ਯਾਤਰਾ ਸਾਡੀ ਦੋਸਤੀ ਦੀ। ਇਸ ਸਫ਼ਰ ਦੀਆਂ ਕਹਾਣੀਆਂ ਹੋਰ ਵੀ ਬਹੁਤ ਨੇ। ਉਹ ਫਿਰ ਕਦੇ। ਅੱਜ ਗੱਲ 'ਜੇ ਤੂੰ ਨਾ ਹੁੰਦਾ' ਦੀ।
ਗੁਰਮੀਤ ਦੀ ਸਮੁੱਚੀ ਸਿਰਜਣਾ ਸਮਾਜ ਦੇ ਨਪੀੜੇ, ਲਤਾੜੇ ਸੋਸ਼ਿਤ ਵਰਗ ਦੇ ਨਾਲ ਖੜੀ ਹੈ। ਕਹਾਣੀ ਵਿੱਚ ਵੀ ਉਹ ਆਪਣੇ ਨਾਇਕ ਤਲਾਸ਼ ਕਰਨ ਦੀ ਤੇ ਸਥਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਸ ਦਾ ਇਹ ਉਪਰਾਲਾ ਜਾਰੀ ਰਹਿੰਦਾ ਹੈ। ਪਿੰਡ ਦਾ ਦਲਿਤ ਸਕੂਲ , ਬੋਹੜ ਵਾਲਿਆਂ ਦਾ ਸਾਧਾ,ਆਪਣੇ ਪੁੱਤਰ ਦੇ ਅੱਥਰੇਪਣ ਤੋਂ ਘਬਰਾਇਆ ਰਾਮਦੀਨ, ਲਾਲ ਕਿਲ੍ਹੇ ਤੇ ਝੰਡਾ ਝੁਲਾਉਣ ਦੀ ਹਿੰਡ ਰੱਖਣ ਵਾਲਾ ਪੀਤੂ ਅਮਲੀ ਅਤੇ ਕਰਤਾਰਾ ਉਸਦੀ ਕਵਿਤਾ ਦੇ ਨਾਇਕ ਹਨ। ਜੋ ਜ਼ਿੰਦਗੀ ਦੇ ਸਾਊ ਅਤੇ ਛਿੰਦੇ ਪੁੱਤਰ ਨਹੀਂ ਹਨ।
ਇਸ ਪੁਸਤਕ ਦੀਆਂ ਵੱਡੀ ਗਿਣਤੀ ਵਿੱਚ ਕਵਿਤਾਵਾਂ ਕਵਿਤਾ ਬਾਰੇ ਹਨ। ਉਹ ਕਵਿਤਾ ਜੋ ਲਿਖੀ ਜਾ ਰਹੀ ਹੈ,ਜੋ ਲਿਖੀ ਜਾਣੀ ਚਾਹੀਦੀ ਹੈ। ਕਵੀ ਵਾਰ ਵਾਰ ਕਵਿਤਾ ਨਾਲ ਸੰਵਾਦ ਰਚਾਉਂਦਾ ਹੈ :-

"ਆਓ ਬਈ ਕੁਝ ਲਿਖੀਏ
ਉਸ ਲਈ, ਜਿਸ ਕੋਲ ਕੁੱਝ ਨਹੀਂ ਸੀ
ਨਾ ਬੱਕੀ-ਨਾ ਤੀਰ-ਨਾ ਤਰਕਸ਼,
ਨਾ ਸਾਹਿਬਾਂ-ਨਾ ਜੰਡ-ਨਾ ਦਾਨਾਬਾਦ
ਜੇ ਕੁੱਝ ਕੋਲ ਸੀ ਤਾਂ ਬੱਸ
ਅੱਧੀਆਂ ਅਧੂਰੀਆਂ ਸੱਧਰਾਂ"

ਉਹ ਕਵਿਤਾ ਲਿਖਦਾ ਹੈ ਦੁੱਖਾਂ ਦੀ, ਪੀੜਾਂ ਦੀ,ਸੋਸ਼ਣ ਦੀ ਪਰ ਉਹ ਜ਼ਿੰਦਗੀ ਨੂੰ ਖੂਬਸੂਰਤ ਅਤੇ ਜਿਉਣ ਯੋਗ ਵੇਖਣ ਦਾ ਹਾਮੀ ਹੈ, ਇਸ ਲਈ ਉਸ ਦੀਆਂ ਕਵਿਤਾਵਾਂ ਵਿੱਚ ਉਮੀਦ ਕਦੇ ਮਰਦੀ ਨਹੀਂ।

ਗੁਰਮੀਤ ਆਪਣੀ ਕਵਿਤਾ ਰਾਹੀਂ ਆਪਣੇ ਹੋਰ ਨੇੜੇ ਹੋਇਆ ਹੈ। 'ਜੇ ਤੂੰ ਨਾ ਹੁੰਦਾ' ਸੱਚਮੁੱਚ ਇੱਕ ਪੜ੍ਹੇ ਜਾਣ ਵਾਲੀ ਕਿਤਾਬ ਹੈ ਜਿਸ ਚੋਂ ਆਪਣੇ ਵਕਤਾਂ ਦੇ ਨਕਸ਼ ਪਛਾਣੇ ਜਾ ਸਕਦੇ ਹਨ। ਇਸ ਪੁਸਤਕ ਚੋਂ ਇੱਕ ਕਵਿਤਾ ਪੜ੍ਹੋ

*ਮੁੜਜਾ ਨਾਥਾ *

ਮੁੜਜਾ ਨਾਥਾ ਮੁੜਜਾ ਘਰ ਨੂੰ
ਮਨ ਨੂੰ ਰੱਖ ਸਮਝਾ ਕੇ।
ਨਾ ਮਿਲਿਆ ਨਾ ਮਿਲਣਾ ਕੁੱਝ ਵੀ
ਭਟਕਣ ਦੇ ਵਿਚ ਆ ਕੇ।

ਇੰਵ ਨਾ ਕੋਈ ਜੋਗੀ ਬਣਦਾ,
ਕੰਨਾਂ ਨੂੰ ਪੜਵਾ ਕੇ।
ਭਗਵੇਂ ਵਸਤਰ ਚਿੱਪੀ ਚਿਮਟਾ,
ਤੇੜ ਲੰਗੋਟੀ ਲਾ ਕੇ।
ਅੱਜ ਤੱਕ ਘਰ ਨੂੰ ਚੱਕੀ ਫਿਰਦੈਂ,
ਬੋਝੇ ਦੇ ਵਿਚ ਪਾ ਕੇ।
ਐਵੇਂ ਮੰਜ਼ਲ ਭਾਲੀ ਜਾਨੈ,
ਔਝੜ ਰਾਹੀਂ ਆ ਕੇ।
ਮੱਛੀ ਪੱਥਰ ਚੱਟ ਕੇ ਮੁੜਦੀ,
ਆਖਰ ਮੂੰਹ ਦੀ ਖਾ ਕੇ।


ਤੂੰ ਮਹਿਬੂਬ ਦੇ ਹੁਸਨ ਦੀ ਆਭਾ,
ਬਗਲੀ ਪਾਈ ਫਿਰਦੈਂ।
ਕੀ ਹੋਇਆ ਕੀ ਹੋਵਣ ਵਾਲਾ,
ਚਿੰਤਾ ਲਾਈ ਫਿਰਦੈਂ।
ਦਿਲ ਵਿਚ ਕੂੜ ਕਬਾੜ ਲਪੇਟੀ,
ਭੇਸ ਵਟਾਈ ਫਿਰਦੈਂ।
ਕਿਸ ਨੂੰ ਧੋਖਾ ਦਿੰਨੈ ਖੁਦ ਨੂੰ,
ਭਰਮ 'ਚ ਪਾਈ ਫਿਰਦੈਂ।
ਆਲਮ ਫ਼ਾਜ਼ਲ ਬਣ ਨਾ ਹੋਵੇ,
ਪੰਡ ਕਿਤਾਬਾਂ ਚਾ ਕੇ।

ਜੇਕਰ ਕਾਂਗਾਂ ਚੜ੍ਹੀਆਂ ਹੋਵਣ,
ਲੁਕ ਜਾਣਾ ਹੀ ਚੰਗਾ।
ਨੇਰ੍ਹੀ ਝੱਖੜ ਅੱਗੇ ਰੁੱਖ ਦਾ,
ਝੁਕ ਜਾਣਾ ਹੀ ਚੰਗਾ।
ਜੇ ਤੁਰਿਆਂ ਮਨ ਭਟਕੀ ਜਾਵੇ,
ਰੁਕ ਜਾਣਾ ਹੀ ਚੰਗਾ।
ਫਲ ਫੁੱਲ ਛਾਂ ਨਾ ਦੇਵੇ ਰੁੱਖ ਦਾ,
ਸੁੱਕ ਜਾਣਾ ਹੀ ਚੰਗਾ।
ਅੰਬ ਦਾ ਰਸ ਨਾ ਚੱਖਿਆ ਜਾਵੇ,
ਅੱਕ ਧਤੂਰਾ ਖਾ ਕੇ।

ਰੀਝਾਂ ਵਾਲੀ ਗੁੱਡੀ ਦੀ ਨਾ,
ਡੋਰੀ ਵੱਢੀ ਜਾਵੇ।
ਕੌਲ ਕਰਾਰ ਤੇ ਦੁਨੀਆਦਾਰੀ,
ਇੰਜ ਨਾ ਛੱਡੀ ਜਾਵੇ।
ਨਾ ਸੱਜਣਾ ਦੀ ਯਾਦ ਵੇ ਨਾਥਾ,
ਦਿਲ 'ਚੋਂ ਕੱਢੀ ਜਾਵੇ।
ਚੱਤੇ ਪਹਿਰਾਂ ਰੇਜ਼ਾ ਰੇਜ਼ਾ,
ਰੂਹ ਨੂੰ ਵੱਢੀ ਜਾਵੇ।
ਫਿਰ ਨੀ ਜਾਂਦੇ ਇਕ ਵਾਰੀ ਜੋ,
ਬਹਿ ਜਾਣ ਡੇਰਾ ਲਾ ਕੇ।

ਪਾਗਲਪਣ ਜਾਂ ਕੋਈ ਸਮਰਪਣ,
ਕੁੱਝ ਵੀ ਹੈਨੀ ਪੱਲੇ।
ਕਿਹੜੇ ਮੂੰਹ ਨਾਲ ਨਾਥ ਜੀ ਦੱਸੋ,
ਸੱਜਣਾਂ ਦੇ ਵੱਲ ਚੱਲੇ।
ਵੇਂਹਦੇ ਹੀ ਦਰ ਭੇੜ ਲੈਣਗੇ,
ਸੱਜਣ ਪਹਿਲੇ ਹੱਲੇ ।
ਇਸ਼ਕ ਦੀ ਬਾਜ਼ੀ ਜਿੱਤਣ ਜਿਹੜੇ,
ਹੋਵਣ ਝੱਲ ਵਲੱਲੇ।
ਇੰਵ ਨਾ ਵਣਜ ਕਮਾਏ ਜਾਂਦੇ,
ਹਉਂ ਦੇ ਟਿੱਬੇ ਲਾ ਕੇ।

## ਰੱਬ ਦਾ "ਯੂ—ਟਰਨ"



ਕਈ ਵਾਰ ਏਦਾਂ ਹੁੰਦਾ ਕਿ ਅਸੀਂ ਆਪਣਾ ਸੁਪਨਾ ਪੂਰਾ ਕਰਨ ਲਈ ਕੋਈ ਸਿੱਖਿਆ ਗ੍ਰਹਿਣ ਕਰਦੇ ਹਾਂ *ਤੇ ਬਹੁਤ ਡੂੰਘਾਈ ਨਾਲ ਸੋਚਦੇ ਹੋਏ,ਸਿਰੜ ਤੇ ਸਿਦਕ ਨਾਲ ਅੱਗੇ ਵੱਧਦੇ ਚੱਲਦੇ ਹਾਂ,ਪਰ ਉਸ ਪਰਮਾਤਮਾਂ ਨੂੰ ਕੁਝ ਹੋਰ ਹੀ ਮੰਨਜੂਰ ਹੁੰਦਾ ਹੈ,ਰੱਬ ਦਾ "ਯੂ—ਟਰਨ" ਤੁਹਾਡੀ ਜਿੰਦਗੀ ਬਦਲ ਦਿੰਦਾ ਹੈ।ਅਸੀਂ ਜਿਹੜੀ ਮੰਜਿਲ ਬਾਰੇ ਸੋਚਕੇ ਰਾਤ ਦਿਨ ਇੱਕ ਕੀਤਾ ਹੁੰਦਾ ਹੈ,ਉਹ ਮੰਜਿਲ ਸਾਡੇ ਤੋਂ ਕੋਹਾਂ ਦੂਰ ਰਹਿ ਜਾਂਦੀ ਹੈ ਪਰ ਰੱਬ ਦਾ "ਯੂ—ਟਰਨ" ਤੁਹਾਨੂੰ ਉਸ ਮੰਜਿਲ *ਤੇ ਪਹੁੰਚਾ ਦਿੰਦਾ ਜ਼ੋ ਤੁਸੀਂ ਕਦੀ ਸੋਚਿਆ ਨਹੀਂ ਹੁੰਦਾ ਪਰ ਉਹ ਮੰਜਿਲ ਤੁਹਾਡੀ ਮੰਜਿਲ ਤੋਂ ਕਈ ਗੁਣਾ ਵੱਧ ਵਧੀਆ ਅਤੇ ਤਰੱਕੀ ਵਾਲੀ ਹੁੰਦੀ ਹੈ।ਇਸ ਲਈ ਆਪਣੇ ਸੁਪਨੇ ਜ਼ਰੂਰ ਸਜਾਓ,ਉਹਨਾਂ ਨੂੰ ਪੂਰਾ ਕਰਨ ਲਈ ਪੂਰੀ ਲਗਨ ਨਾਲ ਮਿਹਨਤ ਕਰਦੇ ਹੋਏ,ਇਹ ਵਿਸ਼ਵਾਸ਼ ਰੱਖੋ ਜੇ ਮੈਨੂੰ ਮੇਰੀ ਮਿੱਥੀ ਮੰਜਿਲ ਨਹੀਂ ਮਿਲ ਰਹੀ ਤਾਂ ਉਹ ਰੱਬ ਤੁਹਾਨੂੰ ਤੁਹਾਡੇ ਦੁਆਰਾ ਮਿਥੀ ਮੰਜਿਲ ਤੋਂ ਹੋਰ ਵੀ ਸੰਚਾਰੂ ਤੇ ਵਧੀਆ ਮੰਜਿਲ ਵੱਲ ਲੈਕੇ ਜਾ ਰਿਹਾ ਹੈ।ਹਮੇਸ਼ਾਂ ਰੱਬ ਦਾ ਸ਼ੁਕਰ ਕਰੋ ਤੇ ਹਰ ਸਥਿਤੀ ਵਿੱਚ ਪੂਰਨ ਵਿਸ਼ਵਾਸ਼ ਰੱਖਦੇ ਹੋਏ ਅਡੋਲ ਚੱਲਦੇ ਰਹੋ,ਬਿਨਾਂ ਰੁਕੇ।

ਪਰਮਿੰਦਰ ਸਿੰਘ
ਚੋਹਲਾ ਸਾਹਿਬ (ਤਰਨ ਤਾਰਨ)
9815561022

## ਆਖਰੀ ਦਿਨਾਂ ਵਿਚ ਜਦੋਂ ਭਾਪਾ ਜੀ ਨੇ ਮੰਜਾਂ ਪੱਕਾ ਹੀ ਫੜ ਲਿਆ ਤਾਂ ਵੀ ਓਹਨਾ ਦੋਹਤੀ ਦੇ ਪਹਿਲੇ ਜਨਮ ਦਿਨ ਤੇ ਬੀਜੀ ਹੱਥ ਕਿੰਨਾ ਕੁਝ ਘੱਲਿਆ.



ਆਖਰੀ ਦਿਨਾਂ ਵਿਚ ਜਦੋਂ ਭਾਪਾ ਜੀ ਨੇ ਮੰਜਾਂ ਪੱਕਾ ਹੀ ਫੜ ਲਿਆ ਤਾਂ ਵੀ ਓਹਨਾ ਦੋਹਤੀ ਦੇ ਪਹਿਲੇ ਜਨਮ ਦਿਨ ਤੇ ਬੀਜੀ ਹੱਥ ਕਿੰਨਾ ਕੁਝ ਘੱਲਿਆ..ਖਿਡੌਣੇ,ਕਿਤਾਬਾਂ,ਬੂਟ ਅਤੇ ਕਿੰਨੇ ਸਾਰੇ ਲੀੜੇ ਲੱਤੇ!
ਫੇਰ ਜਦੋਂ ਦੋਵੇਂ ਅੱਗੜ-ਪਿੱਛੜ ਹੀ ਚੜ੍ਹਾਈ ਕਰ ਗਏ ਤਾਂ ਅਸੀਂ ਫਲੈਟ ਵਿਚ ਸ਼ਿਫਟ ਹੋ ਗਏ..!
ਓਥੇ ਆਸ ਪਾਸ ਰਹਿੰਦੇ ਕਿੰਨੇ ਸਾਰੇ ਬਾਬਿਆਂ ਵਿਚੋਂ ਮੈਂ ਆਪਣਾ ਦਾਰ ਜੀ ਹੀ ਲੱਭਦੀ ਰਹਿੰਦੀ ਪਰ ਮਨ ਨੂੰ ਕਦੇ ਵੀ ਤਸੱਲੀ ਜਿਹੀ ਨਾ ਹੁੰਦੀ..!
ਦਰਮਿਆਨੇ ਕਦ ਵਾਲੇ ਉਹ ਐਨ ਸਾਮਣੇ ਵਾਲੇ ਫਲੈਟ ਵਿਚ ਹੀ ਰਿਹਾ ਕਰਦੇ ਸਨ..
ਦਿਨ ਢਲੇ ਜਦੋਂ ਵੀ ਦਫਤਰੋਂ ਘਰੇ ਅੱਪੜਦੀ ਤਾਂ ਘੰਟੀ ਵੱਜ ਪੈਂਦੀ..
ਸਾਮਣੇ ਉਹ ਖਲੋਤੇ ਹੁੰਦੇ..ਅਖਬਾਰ ਮੰਗਣ ਲਈ!
ਸਾਰੇ ਦਿਨ ਦੀ ਖਪੀ-ਤਪੀ ਨੂੰ ਬਿਲਕੁਲ ਵੀ ਚੰਗਾ ਨਾ ਲੱਗਦਾ..
ਨਾਲਦੇ ਨੂੰ ਆਖਦੀ ਕੇ ਜਦੋਂ ਔਲਾਦ ਬਾਹਰਲੇ ਮੁਲਖ ਰਹਿੰਦੀ ਹੋਵੇ..
ਬੰਦਾ ਖੁਦ ਆਪ ਵੀ ਚੰਗੀ ਨੌਕਰੀ ਤੋਂ ਰਿਟਾਇਰ ਹੋਇਆ ਹੋਵੇ ਤਾਂ ਵੀ ਇੱਕ ਨਿਗੂਣੀ ਜਿਹੀ ਅਖਬਾਰ ਵੀ ਮੁੱਲ ਨਾ ਲੈ ਸਕਦਾ ਹੋਵੇ..ਕਿੰਨੀ ਘਟੀਆ ਗੱਲ ਏ..!
ਇਹ ਅੱਗੋਂ ਏਨੀ ਗੱਲ ਆਖ ਰਫ਼ਾ ਦਫ਼ਾ ਕਰ ਦਿਆ ਕਰਦੇ ਕੇ ਅਸਾਂ ਵੀ ਤੇ ਅਖੀਰ ਰੱਦੀ ਵਿਚ ਹੀ ਸੁੱਟਣੀ ਹੁੰਦੀ..ਫੇਰ ਕੀ ਹੋਇਆ ਜੇ ਅਗਲੇ ਦੇ ਕੰਮ ਆ ਜਾਂਦੀ ਏ..ਨਾਲੇ ਉਹ ਦੋ ਘੜੀ ਗੱਲਾਂ ਕਰ ਹਾਲ ਚਾਲ ਵੀ ਤਾਂ ਪੁੱਛ ਹੀ ਜਾਂਦੇ ਨੇ!
ਉਸ ਦਿਨ ਨਿੱਕੀ ਦੇ ਦੂਜੇ ਜਨਮ ਦਿਨ ਦੀ ਮਸਾਂ ਤਿਆਰੀ ਕਰ ਕੇ ਹੱਟੀ ਹੀ ਸਾਂ ਕੇ ਬਾਹਰ ਘੰਟੀ ਵੱਜੀ..ਛੀਥ ਥਾਣੀ ਵੇਖਿਆ..ਬਾਹਰ ਫੇਰ ਓਹੀ ਖਲੋਤੇ ਸਨ..!
ਸਤਵੇਂ ਆਸਮਾਨ ਨੂੰ ਛੂੰਹਦੇ ਹੋਏ ਦਿਮਾਗੀ ਪਾਰੇ ਨਾਲ ਅਜੇ ਬੂਹਾ ਖੋਹਲਿਆਂ ਹੀ ਸੀ ਕੇ ਕੁਝ ਆਖਣ ਤੋਂ ਪਹਿਲਾਂ ਅੰਦਰ ਲੰਘ ਆਏ..
ਫੇਰ ਹੱਥ ਵਿਚ ਫੜੇ ਝੋਲੇ ਵਿੱਚੋਂ ਕਿੰਨਾ ਕੁਝ ਕੱਢ ਟੇਬਲ ਤੇ ਢੇਰੀ ਕਰ ਦਿੱਤਾ..!
ਅਖਬਾਰ ਦੇ ਬੱਚਿਆਂ ਵਾਲੇ ਸੈਕਸ਼ਨ ਵਿਚ ਕੱਟੀਆਂ ਕਿੰਨੀਆਂ ਸਾਰੀਆਂ ਫੋਟੋਆਂ ਨਾਲ ਬਣਾਈ ਪੂਰੀ ਦੀ ਪੂਰੀ ਕਿਤਾਬ..ਕਾਰਟੂਨਾਂ ਵਾਲੀ ਕਾਪੀ ਤੇ ਹੋਰ ਵੀ ਕਿੰਨਾ ਕੁਝ..!
ਫੇਰ ਧੱਕੇ ਨਾਲ ਫੜਾ ਗਏ ਬੰਦ ਲਫਾਫੇ ਅੰਦਰੋਂ ਨਿਕਲੇ ਪੰਜਾਹ ਪੰਜਾਹ ਦੇ ਦੋ ਨੋਟਾਂ ਨੂੰ ਕੰਬਦੇ ਹੱਥਾਂ ਨਾਲ ਫੜਦੀ ਹੋਈ ਨੂੰ ਇੰਝ ਲੱਗਾ ਜਿੱਦਾਂ ਸਤਵੇਂ ਅਸਮਾਨ ਤੇ ਬੈਠੇ ਭਾਪਾ ਜੀ ਨੇ ਅੱਜ ਫੇਰ ਕਿਸੇ ਖਾਸ ਮਿੱਤਰ ਪਿਆਰੇ ਹੱਥ ਦੋਹਤੀ ਨੂੰ ਦੂਜੇ ਜਨਮ ਦਿਨ ਦਾ ਵੱਡਾ ਸ਼ਗਨ ਘੱਲ ਦਿੱਤਾ ਸੀ!

ਹਰਪ੍ਰੀਤ ਸਿੰਘ ਜਵੰਦਾ

ਲੇਖਕ ਆਪਣੀਆਂ ਰਚਨਾਵਾਂ ਇਸ ਨੰਬਰ ਤੇ ਭੇਜ ਸਕਦੇ ਹਨ
9815561022, 9463661542

## ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਇੱਕ ਅਹਿਮ ਪੱਤਰ ਲਿਖਿਆ ਹੈ



ਅੰਮ੍ਰਿਤਸਰ ਤੋਂ ਕਾਂਗਰਸ ਪਾਰਟੀ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਇੱਕ ਅਹਿਮ ਪੱਤਰ ਲਿਖਿਆ ਹੈ। ਇਸ ਪੱਤਰ ਵਿੱਚ ਔਜਲਾ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਦੇ ਭਾਰਤ ਦੌਰੇ 'ਤੇ ਭਾਰੀ ਸਵਾਗਤ ਕੀਤਾ ਅਤੇ ਅੰਮ੍ਰਿਤਸਰ ਤੋਂ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਦੀ ਮਜ਼ਬੂਤ ਮੰਗ ਰੱਖੀ ਹੈ। ਖਾਸ ਤੌਰ 'ਤੇ ਟੋਰਾਂਟੋ ਅਤੇ ਵੈਨਕੂਵਰ ਵਰਗੇ ਸ਼ਹਿਰਾਂ ਤੋਂ ਅੰਮ੍ਰਿਤਸਰ ਲਈ ਨਾਨ-ਸਟਾਪ ਫਲਾਈਟਾਂ ਦੀ ਅਪੀਲ ਕੀਤੀ ਗਈ ਹੈ।ਔਜਲਾ ਨੇ ਆਪਣੇ ਪੱਤਰ ਵਿੱਚ ਲਿਖਿਆ ਹੈ ਕਿ ਅੰਮ੍ਰਿਤਸਰ ਸਿਰਫ਼ ਇੱਕ ਸ਼ਹਿਰ ਨਹੀਂ, ਸਗੋਂ ਦੁਨੀਆ ਭਰ ਵਿੱਚ ਵੱਸੇ ਲੱਖਾਂ ਲੋਕਾਂ ਲਈ ਵਿਸ਼ਵਾਸ ਅਤੇ ਭਾਵਨਾਵਾਂ ਦਾ ਕੇਂਦਰ ਹੈ। ਇਹ ਸ਼ਹਿਰ ਸਿੱਖ ਧਰਮ ਦੇ ਪਵਿੱਤਰ ਅਸਥਾਨ ਹਰਿਮੰਦਰ ਸਾਹਿਬ (ਸ੍ਰੀ ਦਰਬਾਰ ਸਾਹਿਬ) ਦਾ ਘਰ ਹੈ, ਜਿੱਥੇ ਹਰ ਸਾਲ ਲੱਖਾਂ ਸ਼ਰਧਾਲੂ ਆਉਂਦੇ ਹਨ। ਕੈਨੇਡਾ ਵਿੱਚ ਵੱਸਦਾ ਵੱਡਾ ਪੰਜਾਬੀ ਭਾਈਚਾਰਾ ਆਪਣੀਆਂ ਭਾਵਨਾਤਮਕ ਅਤੇ ਪਰਿਵਾਰਕ ਜੜ੍ਹਾਂ ਨੂੰ ਅੰਮ੍ਰਿਤਸਰ ਅਤੇ ਪੰਜਾਬ ਨਾਲ ਜੋੜ ਕੇ ਰੱਖਦਾ ਹੈ। ਇਸ ਲਈ ਸਿੱਧੀਆਂ ਉਡਾਣਾਂ ਦੀ ਲੋੜ ਬਹੁਤ ਜ਼ਰੂਰੀ ਹੈ।ਵਰਤਮਾਨ ਵਿੱਚ ਕੈਨੇਡਾ ਤੋਂ ਅੰਮ੍ਰਿਤਸਰ ਆਉਣ-ਜਾਣ ਵਾਲੇ ਯਾਤਰੀਆਂ ਨੂੰ ਲੰਬੇ ਅਤੇ ਗੁੰਝਲਦਾਰ ਸਫ਼ਰ ਕਰਨੇ ਪੈਂਦੇ ਹਨ। ਅਕਸਰ ਦਿੱਲੀ ਜਾਂ ਹੋਰ ਸ਼ਹਿਰਾਂ ਰਾਹੀਂ ਬਦਲਣਾ ਪੈਂਦਾ ਹੈ, ਜਿਸ ਨਾਲ ਸਮਾਂ ਅਤੇ ਪੈਸਾ ਦੋਵੇਂ ਬਰਬਾਦ ਹੁੰਦੇ ਹਨ। ਖਾਸ ਕਰਕੇ ਬਜ਼ੁਰਗਾਂ, ਪਰਿਵਾਰਾਂ ਅਤੇ ਪਿਲਗ੍ਰਿਮੇਜ ਲਈ ਆਉਣ ਵਾਲਿਆਂ ਲਈ ਇਹ ਬਹੁਤ ਔਖਾ ਹੁੰਦਾ ਹੈ। ਔਜਲਾ ਨੇ ਜ਼ੋਰ ਦਿੱਤਾ ਕਿ ਸਿੱਧੀਆਂ ਉਡਾਣਾਂ ਸ਼ੁਰੂ ਹੋਣ ਨਾਲ ਪਰਿਵਾਰਕ ਮੁਲਾਕਾਤਾਂ ਆਸਾਨ ਹੋਣਗੀਆਂ, ਧਾਰਮਿਕ ਯਾਤਰਾਵਾਂ ਵਧਣਗੀਆਂ ਅਤੇ ਭਾਈਚਾਰੇ ਵਿਚਕਾਰ ਰਿਸ਼ਤੇ ਹੋਰ ਮਜ਼ਬੂਤ ਹੋਣਗੇ।ਇਸ ਤੋਂ ਇਲਾਵਾ, ਔਜਲਾ ਨੇ ਆਰਥਿਕ ਲਾਭਾਂ 'ਤੇ ਵੀ ਗੱਲ ਕੀਤੀ। ਸਿੱਧੀਆਂ ਉਡਾਣਾਂ ਨਾਲ ਭਾਰਤ ਅਤੇ ਕੈਨੇਡਾ ਵਿਚਕਾਰ

**CEE7 NEWS** ਪੰਜਾਬ ਦੇ ਲੋਕਾਂ ਲਈ ਬਹੁਤ ਵੱਡੀ ਖੁਸ਼ਖਬਰੀ ਹੈ।

# ਕੇਂਦਰ ਸਰਕਾਰ ਵੱਲੋਂ ਭਾਰਤਮਾਲਾ ਪ੍ਰੋਜੈਕਟ ਅਧੀਨ ਬਣ ਰਿਹਾ ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈੱਸਵੇਅ

ਪੰਜਾਬ ਦੇ ਲੋਕਾਂ ਲਈ ਬਹੁਤ ਵੱਡੀ ਖੁਸ਼ਖਬਰੀ ਹੈ। ਕੇਂਦਰ ਸਰਕਾਰ ਵੱਲੋਂ ਭਾਰਤਮਾਲਾ ਪ੍ਰੋਜੈਕਟ ਅਧੀਨ ਬਣ ਰਿਹਾ ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈੱਸਵੇਅ (Delhi-Amritsar-Katra Expressway) ਹੁਣ ਤੇਜ਼ੀ ਨਾਲ ਪੂਰਾ ਹੋ ਰਿਹਾ ਹੈ। ਇਸ ਨਾਲ ਦਿੱਲੀ ਤੋਂ ਮਾਤਾ ਵੈਸ਼ਨੋ ਦੇਵੀ ਦੇ ਧਾਮ ਕਟੜਾ ਤੱਕ ਦੀ ਯਾਤਰਾ ਸਿਰਫ਼ 6 ਘੰਟਿਆਂ ਵਿੱਚ ਪੂਰੀ ਹੋ ਜਾਵੇਗੀ। ਪਹਿਲਾਂ ਇਹ ਸਫਰ ਲਗਭਗ 14 ਘੰਟੇ ਲੈਂਦਾ ਸੀ, ਪਰ ਇਸ ਨਵੇਂ ਐਕਸਪ੍ਰੈੱਸਵੇਅ ਨਾਲ ਸਮਾਂ ਅੱਧਾ ਤੋਂ ਵੀ ਘੱਟ ਹੋ ਜਾਵੇਗਾ।

ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ (NHAI) ਦੇ ਅਧਿਕਾਰੀਆਂ ਅਨੁਸਾਰ, ਇਹ ਪ੍ਰੋਜੈਕਟ ਮਾਰਚ 2027 ਤੱਕ ਪੂਰੀ ਤਰ੍ਹਾਂ ਮੁਕੰਮਲ ਹੋ ਜਾਵੇਗਾ। ਪ੍ਰੋਜੈਕਟ ਡਾਇਰੈਕਟਰ ਰਾਜੀਵ ਕੁਮਾਰ ਨੇ ਕਿਹਾ ਹੈ ਕਿ ਜੇਕਰ ਸਭ ਕੁਝ ਠੀਕ ਰਿਹਾ ਤਾਂ ਇਹ ਤਾਰੀਖ ਤੈਅ ਹੈ। ਇਸ ਐਕਸਪ੍ਰੈੱਸਵੇਅ ਦੀ ਕੁੱਲ ਲੰਬਾਈ ਲਗਭਗ 670 ਕਿਲੋਮੀਟਰ ਹੈ ਅਤੇ ਇਹ ਦਿੱਲੀ ਨੂੰ ਅੰਮ੍ਰਿਤਸਰ ਅਤੇ ਕਟੜਾ ਨਾਲ ਸਿੱਧਾ ਜੋੜੇਗਾ। ਖਾਸ ਗੱਲ ਇਹ ਹੈ ਕਿ ਇਸ ਨਾਲ ਦਿੱਲੀ ਤੋਂ ਕਟੜਾ ਦੀ ਦੂਰੀ 727 ਕਿਲੋਮੀਟਰ ਤੋਂ ਘਟ ਕੇ 588 ਕਿਲੋਮੀਟਰ ਰਹਿ ਜਾਵੇਗੀ।

ਪੰਜਾਬ ਵਿੱਚ ਇਸ ਸਮੇਂ ਸੰਗਰੂਰ ਅਤੇ ਮਲੇਰਕੋਟਲਾ ਤੱਕ ਐਕਸਪ੍ਰੈੱਸਵੇਅ ਤਕਰੀਬਨ ਤਿਆਰ ਹੋ ਚੁੱਕਿਆ ਹੈ। ਲੋਕ ਇਸ ਦਾ ਇਸਤੇਮਾਲ ਕਰਨਾ ਵੀ ਸ਼ੁਰੂ ਕਰ ਦਿੱਤਾ ਹੈ, ਭਾਵੇਂ ਅਧਿਕਾਰਕ ਉਦਘਾਟਨ ਅਜੇ ਨਹੀਂ ਹੋਇਆ। ਸੰਗਰੂਰ ਜਾਂ ਮਲੇਰਕੋਟਲਾ ਤੋਂ ਦਿੱਲੀ ਪਹੁੰਚਣ ਵਿੱਚ ਪਹਿਲਾਂ 6-7 ਘੰਟੇ ਲੱਗਦੇ ਸਨ, ਪਰ ਹੁਣ ਇਹ ਸਫਰ ਸਿਰਫ਼ 2.5 ਤੋਂ 3 ਘੰਟਿਆਂ ਵਿੱਚ ਪੂਰਾ ਹੋ ਰਿਹਾ ਹੈ। ਇਸ ਰੂਟ 'ਤੇ ਹਰ 40 ਕਿਲੋਮੀਟਰ ਬਾਅਦ ਟੋਲ ਪਲਾਜ਼ਾ ਬਣਾਏ ਗਏ ਹਨ ਅਤੇ ਸੰਗਰੂਰ ਦੇ ਝਨੇੜੀ ਪਿੰਡ ਨੇੜੇ ਵੀ ਟੋਲ ਗੇਟ ਤਿਆਰ ਹੈ।

ਇਹ ਪ੍ਰੋਜੈਕਟ ਅਪ੍ਰੈਲ 2021 ਵਿੱਚ ਸ਼ੁਰੂ ਹੋਇਆ ਸੀ। ਪਰ 2025 ਵਿੱਚ ਜੰਮੂ-ਕਸ਼ਮੀਰ ਵਿੱਚ ਪਹਿਲਗਾਮ ਹਮਲੇ, ਆਪ੍ਰੇਸ਼ਨ ਸਿੰਦੂਰ ਅਤੇ ਭਾਰੀ ਹੜ੍ਹਾਂ ਕਾਰਨ ਲਗਭਗ 6 ਮਹੀਨੇ ਦੀ ਦੇਰੀ ਹੋ ਗਈ। ਫਿਰ ਵੀ ਹੁਣ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ ਅਤੇ ਜੰਮੂ ਖੇਤਰ ਵਿੱਚ 80% ਤੋਂ ਵੱਧ ਕੰਮ ਮੁਕੰਮਲ ਹੋ ਚੁੱਕਿਆ ਹੈ। ਕੁਝ ਹਿੱਸੇ ਜਿਵੇਂ ਰਾਇਆ



ਮੋੜ-ਕੁੰਜਵਾਨੀ ਸੈਕਸ਼ਨ ਜੂਨ 2026 ਤੱਕ ਖੁੱਲ੍ਹ ਸਕਦੇ ਹਨ।

ਇਸ ਐਕਸਪ੍ਰੈੱਸਵੇਅ ਨਾਲ ਨਾ ਸਿਰਫ਼ ਸਮਾਂ ਬਚੇਗਾ ਮੋੜ-ਕੁੰਜਵਾਨੀ ਸੈਕਸ਼ਨ ਜੂਨ 2026 ਤੱਕ ਖੁੱਲ੍ਹ ਸਕਦੇ ਹਨ।

ਇਸ ਐਕਸਪ੍ਰੈੱਸਵੇਅ ਨਾਲ ਨਾ ਸਿਰਫ਼ ਸਮਾਂ ਬਚੇਗਾ ਮੋੜ-ਕੁੰਜਵਾਨੀ ਸੈਕਸ਼ਨ ਜੂਨ 2026 ਤੱਕ ਖੁੱਲ੍ਹ ਸਕਦੇ ਹਨ।

ਇਸ ਐਕਸਪ੍ਰੈੱਸਵੇਅ ਨਾਲ ਨਾ ਸਿਰਫ਼ ਸਮਾਂ ਬਚੇਗਾ ਸਗੋਂ ਈਂਧਣ ਦੀ ਵੀ ਬਹੁਤ ਬਚਤ ਹੋਵੇਗੀ। ਇਹ ਧਾਰਮਿਕ ਯਾਤਰੀਆਂ ਲਈ ਵਰਦਾਨ ਸਾਬਤ ਹੋਵੇਗਾ ਕਿਉਂਕਿ ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਸਾਹਿਬ ਅਤੇ ਵੈਸ਼ਨੋ ਦੇਵੀ ਦੇ ਦਰਸ਼ਨ ਕਰਨਾ ਬਹੁਤ ਆਸਾਨ ਹੋ ਜਾਵੇਗਾ। ਦਿੱਲੀ ਤੋਂ ਅੰਮ੍ਰਿਤਸਰ ਸਿਰਫ਼ 4 ਘੰਟੇ ਅਤੇ ਕਟੜਾ ਤੱਕ 6 ਘੰਟੇ ਵਿੱਚ ਪਹੁੰਚਣਾ ਸੰਭਵ ਹੋ ਜਾਵੇਗਾ।

ਪੰਜਾਬ, ਹਰਿਆਣਾ, ਜੰਮੂ-ਕਸ਼ਮੀਰ ਅਤੇ ਦਿੱਲੀ ਦੇ ਲੋਕਾਂ ਲਈ ਇਹ ਐਕਸਪ੍ਰੈੱਸਵੇਅ ਆਰਥਿਕ ਅਤੇ ਸਮਾਜਿਕ ਵਿਕਾਸ ਦਾ ਵੱਡਾ ਸਾਧਨ ਬਣੇਗਾ। ਯਾਤਰਾ ਸੁਰੱਖਿਅਤ, ਤੇਜ਼ ਅਤੇ ਆਰਾਮਦਾਇਕ ਹੋ ਜਾਵੇਗੀ। ਹੁਣ ਬੱਸ ਮਾਰਚ 2027 ਦਾ ਇੰਤਜ਼ਾਰ ਹੈ ਜਦੋਂ ਇਹ ਸੁਪਨਾ ਹਕੀਕਤ ਬਣ ਜਾਵੇਗਾ।

(ਇਹ ਜਾਣਕਾਰੀ ਤਾਜ਼ਾ ਰਿਪੋਰਟਾਂ ਅਤੇ NHAI ਅਪਡੇਟਸ 'ਤੇ ਅਧਾਰਤ ਹੈ

## ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਕਰਵਾਏ ਗਏ 'ਗਿਆਨ ਪ੍ਰਚੰਡ ਪ੍ਰਸ਼ਨੋਤਰੀ' ਮੁਕਾਬਲੇ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਕਾਰਜਸ਼ੀਲ ਡਾਇਰੈਕਟੋਰੇਟ ਆਫ ਐਜੂਕੇਸ਼ਨ ਬਹਾਦੁਰਗੜ੍ਹ ਪਟਿਆਲਾ ਵੱਲੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਅਤੇ ਉਨ੍ਹਾਂ ਦੇ ਬੌਧਿਕ ਵਿਕਾਸ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ 'ਗਿਆਨੁ ਪ੍ਰਚੰਡੁ ਪ੍ਰਸ਼ਨੋਤਰੀ ਮੁਕਾਬਲੇ' ਤਹਿਤ ਮੁੱਖ ਮੁਕਾਬਲਾ ਬੀਤੇ ਕੱਲ੍ਹ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਗਿਆਨੀ ਦਿੱਤ ਸਿੰਘ ਆਡੀਟੋਰੀਅਮ ਵਿੱਚ ਆਯੋਜਿਤ ਕੀਤਾ ਗਿਆ।

ਇਸ ਪ੍ਰਸ਼ਨੋਤਰੀ ਮੁਕਾਬਲੇ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ 28 ਕਾਲਜਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਵੱਖ-ਵੱਖ ਪੜਾਵਾਂ ਤੋਂ ਹੁੰਦੇ ਹੋਏ ਫਾਈਨਲ ਮੁਕਾਬਲੇ ਦੌਰਾਨ ਸ਼ਹੀਦ ਭਾਈ ਮਨੀ ਸਿੰਘ ਖਾਲਸਾ ਕਾਲਜ ਲੌਂਗੋਵਾਲ ਨੇ ਪਹਿਲਾਂ ਸਥਾਨ ਹਾਸਲ ਕੀਤਾ। ਦੂਸਰੇ ਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਦੇ ਵਿਦਿਆਰਥੀਆਂ ਰਹੇ ਅਤੇ ਤੀਸਰਾ ਸਥਾਨ ਖਾਲਸਾ ਕਾਲਜ ਗੜ੍ਹਦੀਵਾਲ ਦੇ ਵਿਦਿਆਰਥੀਆਂ ਨੇ ਪ੍ਰਾਪਤ ਕੀਤਾ। ਸ਼੍ਰੋਮਣੀ ਕਮੇਟੀ ਵੱਲੋਂ ਪਹਿਲੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ 1 ਲੱਖ, ਦੂਜੇ ਸਥਾਨ ਵਾਲਿਆਂ ਨੂੰ 75 ਹਜ਼ਾਰ ਤੇ ਤੀਜੇ ਸਥਾਨ 'ਤੇ ਰਹਿਣ ਵਾਲਿਆਂ 51 ਹਜ਼ਾਰ ਰੁਪਏ ਦੀ ਨਗ਼ਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਚੌਥੇ ਸਥਾਨ 'ਤੇ ਰਹੇ ਮੀਰੀ ਪੀਰੀ ਖਾਲਸਾ ਕਾਲਜ ਭਦੌੜ ਦੇ ਵਿਦਿਆਰਥੀਆਂ ਨੂੰ ਵੀ ਹੌਂਸਲਾ ਅਫ਼ਜਾਈ ਵਜੋਂ 31 ਹਜਾਰ ਦਾ ਨਕਦ ਇਨਾਮ ਦਿੱਤਾ ਗਿਆ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਧਾਰਮਿਕ ਮੁਕਾਬਲੇ ਵਿਚ ਮੁਕਾਮ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਇਸੇ ਤਰ੍ਹਾਂ ਅੱਗੇ ਵੱਧਣ ਦੀ ਪ੍ਰੇਰਣਾ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਮਕਸਦ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪੱਧਰ 'ਤੇ ਹੋ ਰਹੀਆਂ ਮਹੱਤਵਪੂਰਨ ਘਟਨਾਵਾਂ, ਧਰਮ ਦੇ ਸਰੋਕਾਰਾਂ ਅਤੇ ਇਤਿਹਾਸ ਦੀ ਜਾਣਕਾਰੀ ਦੇ ਨਾਲ-ਨਾਲ ਆਮ ਗਿਆਨ, ਰਾਜਨੀਤੀ, ਭੂਗੋਲ ਅਤੇ ਟੈਕਨੋਲੋਜੀ ਨਾਲ ਸਬੰਧਤ ਵਿਸ਼ਿਆਂ ਤੋਂ ਵਿਦਿਆਰਥੀ ਵਰਗ ਨੂੰ ਜਾਣੂ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਆਪਣੇ ਪ੍ਰਬੰਧ ਹੇਠ ਚੱਲ ਰਹੇ ਵਿਦਿਅਕ ਅਦਾਰਿਆਂ ਵਿਚ ਵਿਦਿਆਰਥੀਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਨਿਰੰਤਰ ਕਾਰਜਸ਼ੀਲ ਹੈ ਅਤੇ ਅਜਿਹੇ ਮੁਕਾਬਲੇ ਵਿਦਿਆਰਥੀਆਂ ਨਵਾਂ ਉਤਸ਼ਾਹ ਭਰਨ ਵਿਚ ਸਹਾਈ ਹੁੰਦੇ ਹਨ। ਐਡਵੋਕੇਟ ਧਾਮੀ ਨੇ ਨਿਸ਼ਚੈ ਅਕੈਡਮੀ ਵਿਚ ਪਲਿਮਰਰੀ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਲਈ 5 ਕਰੋੜ ਰੁਪਏ ਦੀ ਸਹਾਇਤਾ ਦਾ ਐਲਾਨ ਕੀਤਾ ਤਾਂ ਕਿ ਜੋ ਵਿਦਿਆਰਥੀ ਪਲਿਮਰੀ ਪ੍ਰੀਖਿਆ ਤੋਂ ਬਾਅਦ ਮੇਨਜ ਦੀ ਤਿਆਰੀ ਕਰਨਾ ਚਾਹੁੰਦੇ ਹਨ ਉਸ ਦਾ ਸਾਰਾ ਖਰਚਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾ ਸਕੇ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਕੱਤਰ ਵਿਦਿਆ ਇੰਜੀ: ਸੁਖਮਿੰਦਰ ਸਿੰਘ ਨੇ ਇਸ ਤਰ੍ਹਾਂ ਦੇ ਮੁਕਾਬਲੇ ਵਿਦਿਆਰਥੀਆਂ ਦੀ ਸਿਰਫ਼ ਅਕਾਦਮਿਕ ਸਮਝ ਹੀ ਨਹੀਂ ਵਧਾਉਂਦੇ, ਸਗੋਂ ਉਨ੍ਹਾਂ ਨੂੰ ਵਿਸ਼ਵ ਪੱਧਰ ਦੀ ਜਾਣਕਾਰੀ ਨਾਲ ਵੀ ਜੋੜਦੇ ਹਨ। ਉਨ੍ਹਾਂ ਨੇ ਦੱਸਿਆ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਬੌਧਿਕ ਮੁਕਾਬਲੇ ਨਿਯਮਿਤ ਤੌਰ 'ਤੇ ਕਰਵਾਏ ਜਾਣਗੇ ਤਾਂ ਜੋ ਵਿਦਿਆਰਥੀਆਂ ਨੂੰ ਹਰ ਖੇਤਰ ਵਿਚ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ ਜਾ ਸਕੇ। ਉਜੋ ਵਿਦਿਆਰਥੀ ਪਲਿਮਰੀ ਪ੍ਰੀਖਿਆ ਤੋਂ ਬਾਅਦ ਮੇਨਜ ਦੀ ਤਿਆਰੀ ਕਰਨਾ ਚਾਹੁੰਦੇ ਹਨ ਉਸ ਦਾ ਸਾਰਾ ਖਰਚਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾ ਸਕੇ

# ਪੰਜਾਬ ਸਰਕਾਰ ਨੇ ਬਦਲਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਸੂਬੇ ਦੇ ਸਰਕਾਰੀ ਸਕੂਲਾਂ ਦੇ ਸਮੇਂ ਵਿੱਚ ਫਿਰ ਤੋਂ ਤਬਦੀਲੀ ਕਰ ਦਿੱਤੀ ਹੈ

### ਇਹ ਫੈਸਲਾ ਸਿੱਖਿਆ ਵਿਭਾਗ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਲਿਆ ਗਿਆ

ਪੰਜਾਬ ਦੇ ਵਿਦਿਆਰਥੀਆਂ ਅਤੇ ਮਾਪਿਆਂ ਲਈ ਅੱਜ ਇੱਕ ਮਹੱਤਵਪੂਰਨ ਖ਼ਬਰ ਸਾਹਮਣੇ ਆਈ ਹੈ। ਪੰਜਾਬ ਸਰਕਾਰ ਨੇ ਬਦਲਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਸੂਬੇ ਦੇ ਸਰਕਾਰੀ ਸਕੂਲਾਂ ਦੇ ਸਮੇਂ ਵਿੱਚ ਫਿਰ ਤੋਂ ਤਬਦੀਲੀ ਕਰ ਦਿੱਤੀ ਹੈ। ਇਹ ਫੈਸਲਾ ਸਿੱਖਿਆ ਵਿਭਾਗ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਲਿਆ ਗਿਆ ਹੈ। ਨਵੇਂ ਸਮੇਂ ਦੀ ਲਾਗੂ ਹੋਣ ਵਾਲੀ ਮਿਆਦ 1 ਮਾਰਚ 2026 ਤੋਂ ਸ਼ੁਰੂ ਹੋ ਕੇ 31 ਮਾਰਚ 2026 ਤੱਕ ਰਹੇਗੀ। ਇਸ ਦੌਰਾਨ ਮੌਸਮ ਵਿੱਚ ਆਉਣ ਵਾਲੀਆਂ ਤਬਦੀਲੀਆਂ ਜਿਵੇਂ ਕਿ ਵਧਦੀ ਗਰਮੀ ਜਾਂ ਹੋਰ ਮੌਸਮੀ ਅਸਰਾਂ ਨੂੰ ਮੱਦੇਨਜ਼ਰ ਰੱਖ ਕੇ ਇਹ ਬਦਲਾਅ ਕੀਤਾ ਗਿਆ ਹੈ।

ਪ੍ਰਾਇਮਰੀ ਸਕੂਲਾਂ (ਕਲਾਸ 1 ਤੋਂ 5 ਤੱਕ) ਲਈ ਨਵਾਂ ਸਮਾਂ ਇਸ ਤਰ੍ਹਾਂ ਰਹੇਗਾ: ਸਕੂਲ ਸਵੇਰੇ 8:30 ਵਜੇ ਖੁੱਲ੍ਹੇਗਾ ਅਤੇ ਦੁਪਹਿਰ 2:30 ਵਜੇ ਛੁੱਟੀ ਹੋਵੇਗੀ। ਇਸ ਨਾਲ ਬੱਚਿਆਂ ਨੂੰ ਸਵੇਰੇ ਜਲਦੀ ਉੱਠਣ ਦੀ ਲੋੜ ਪਵੇਗੀ ਪਰ ਦੁਪਹਿਰ ਨੂੰ ਘਰ ਵਾਪਸ ਆਉਣ ਵਿੱਚ ਗਰਮੀ ਦਾ ਜ਼ਿਆਦਾ ਅਸਰ ਨਹੀਂ ਪਵੇਗਾ।

ਇਹ ਸਮਾਂ ਬੱਚਿਆਂ ਦੀ ਸਿਹਤ ਅਤੇ ਸੁਰੱਖਿਆ ਨੂੰ ਪਹਿਲ ਦੇ ਕੇ ਤੈਅ ਕੀਤਾ ਗਿਆ ਹੈ।

ਜਦਕਿ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ (ਕਲਾਸ 6 ਤੋਂ 12 ਤੱਕ) ਲਈ ਸਮਾਂ ਥੋੜ੍ਹਾ ਵੱਖਰਾ ਰੱਖਿਆ ਗਿਆ ਹੈ। ਇਹ ਸਕੂਲ ਵੀ ਸਵੇਰੇ 8:30 ਵਜੇ ਖੁੱਲ੍ਹਣਗੇ ਪਰ ਛੁੱਟੀ ਦੁਪਹਿਰ 2:50 ਵਜੇ ਹੋਵੇਗੀ। ਇਸ ਤਰ੍ਹਾਂ ਵੱਡੇ ਵਿਦਿਆਰਥੀਆਂ ਨੂੰ ਵਧੇਰੇ ਸਮਾਂ ਮਿਲੇਗਾ ਜਿਸ ਨਾਲ ਉਹ ਆਪਣੇ ਪੜ੍ਹਾਈ ਅਤੇ ਹੋਰ ਗਤੀਵਿਧੀਆਂ ਨੂੰ ਬਿਹਤਰ ਢੰਗ ਨਾਲ ਨਿਭਾ ਸਕਣਗੇ। ਇਹ ਬਦਲਾਅ ਪਹਿਲਾਂ ਵੀ ਕਈ ਵਾਰ ਮੌਸਮ ਅਨੁਸਾਰ ਕੀਤਾ ਜਾਂਦਾ ਰਿਹਾ ਹੈ, ਜਿਵੇਂ ਕਿ ਸਰਦੀਆਂ ਵਿੱਚ ਸਕੂਲ ਦੇ ਸਮੇਂ ਵਿੱਚ ਦੇਰੀ ਜਾਂ ਗਰਮੀ ਵਿੱਚ ਜਲਦੀ ਛੁੱਟੀ ਦੇਣਾ। ਪੰਜਾਬ ਸਰਕਾਰ ਦਾ ਇਹ ਫੈਸਲਾ ਵਿਦਿਆਰਥੀਆਂ ਦੀ ਸਿਹਤ ਅਤੇ ਸਿੱਖਿਆ ਨੂੰ ਬਿਹਤਰ ਬਣਾਉਣ ਲਈ ਲਿਆ ਗਿਆ ਹੈ। ਪਹਿਲਾਂ ਜਨਵਰੀ ਮਹੀਨੇ ਵਿੱਚ ਸੰਘਣੀ ਧੁੰਦ ਅਤੇ ਠੰਡ ਕਾਰਨ ਸਕੂਲਾਂ ਦੇ ਸਮੇਂ ਵਿੱਚ ਬਦਲਾਅ ਕੀਤਾ ਗਿਆ ਸੀ, ਜਿਸ ਵਿੱਚ ਸਕੂਲ ਸਵੇਰੇ 10 ਵਜੇ ਖੁੱਲ੍ਹਦੇ ਸਨ। ਹੁਣ ਮਾਰਚ ਵਿੱਚ ਮੌਸਮ ਨਰਮ ਹੋਣ ਅਤੇ ਗਰਮੀ ਵਧਣ ਦੀ ਸੰਭਾਵਨਾ ਨੂੰ ਵੇਖਦੇ ਹੋਏ ਇਹ ਨਵਾਂ ਸਮਾਂ ਤੈਅ ਕੀਤਾ ਗਿਆ ਹੈ। ਸਿੱਖਿਆ ਵਿਭਾਗ ਨੇ ਸਾਰੇ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ ਕਿ ਇਹ ਨਵੇਂ ਹੁਕਮ ਤੁਰੰਤ ਲਾਗੂ ਕੀਤੇ ਜਾਣ।

ਇਸ ਬਦਲਾਅ ਨਾਲ ਮਾਪੇ ਅਤੇ ਵਿਦਿਆਰਥੀ ਆਪਣੀ ਰੁਟੀਨ ਵਿੱਚ ਥੋੜ੍ਹੀ ਤਬਦੀਲੀ ਕਰਨਗੇ। ਸਵੇਰੇ ਜਲਦੀ ਉੱਠਣਾ ਅਤੇ ਸਕੂਲ ਜਾਣਾ ਪਵੇਗਾ, ਪਰ ਦੁਪਹਿਰ ਨੂੰ ਛੁੱਟੀ ਮਿਲਣ ਨਾਲ ਘਰ ਵਿੱਚ ਆਰਾਮ ਅਤੇ ਹੋਮਵਰਕ ਲਈ ਵਧੇਰੇ ਸਮਾਂ ਮਿਲ ਸਕੇਗਾ।

## ਪੰਜਾਬ ਸਕੂਲ ਟਾਈਮਿੰਗ ਨਿਊਜ਼: ਪੰਜਾਬ ਦੇ ਸਕੂਲਾਂ ਨੂੰ ਲੈ ਕੇ ਵੱਡੀ ਖ਼ਬਰ



ਬਹੁਤ ਸਾਰੇ ਮਾਪੇ ਇਸ ਫੈਸਲੇ ਨੂੰ ਸਵਾਗਤਯੋਗ ਮੰਨ ਰਹੇ ਹਨ ਕਿਉਂਕਿ ਗਰਮੀ ਵਿੱਚ ਦੁਪਹਿਰ ਦੇ ਸਮੇਂ ਬੱਚਿਆਂ ਦੀ ਸਿਹਤ ਨੂੰ ਖ਼ਤਰਾ ਹੁੰਦਾ ਹੈ। ਸਰਕਾਰ ਨੇ ਇਹ ਵੀ ਯਕੀਨੀ ਬਣਾਇਆ ਹੈ ਕਿ ਸਕੂਲਾਂ ਵਿੱਚ ਪਾਣੀ ਅਤੇ ਹੋਰ ਸਹੂਲਤਾਂ ਦਾ ਪੂਰਾ ਧਿਆਨ ਰੱਖਿਆ ਜਾਵੇ। ਜਦਕਿ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ (ਕਲਾਸ 6 ਤੋਂ 12 ਤੱਕ) ਲਈ ਸਮਾਂ ਥੋੜ੍ਹਾ ਵੱਖਰਾ ਰੱਖਿਆ ਗਿਆ ਹੈ। ਇਹ ਸਕੂਲ ਵੀ ਸਵੇਰੇ 8:30 ਵਜੇ ਖੁੱਲ੍ਹਣਗੇ ਪਰ ਛੁੱਟੀ ਦੁਪਹਿਰ 2:50 ਵਜੇ ਹੋਵੇਗੀ। ਇਸ ਤਰ੍ਹਾਂ ਵੱਡੇ ਵਿਦਿਆਰਥੀਆਂ ਨੂੰ ਵਧੇਰੇ ਸਮਾਂ ਮਿਲੇਗਾ ਜਿਸ ਨਾਲ ਉਹ ਆਪਣੇ ਪੜ੍ਹਾਈ ਅਤੇ ਹੋਰ ਗਤੀਵਿਧੀਆਂ ਨੂੰ ਬਿਹਤਰ ਢੰਗ ਨਾਲ ਨਿਭਾ ਸਕਣਗੇ। ਇਹ ਬਦਲਾਅ ਪਹਿਲਾਂ ਵੀ ਕਈ ਵਾਰ ਮੌਸਮ ਅਨੁਸਾਰ ਕੀਤਾ ਜਾਂਦਾ ਰਿਹਾ ਹੈ, ਜਿਵੇਂ ਕਿ ਸਰਦੀਆਂ ਵਿੱਚ ਸਕੂਲ ਦੇ ਸਮੇਂ ਵਿੱਚ ਦੇਰੀ ਜਾਂ ਗਰਮੀ ਵਿੱਚ ਜਲਦੀ ਛੁੱਟੀ ਦੇਣਾ।ਪੰਜਾਬ ਸਰਕਾਰ ਦਾ ਇਹ ਫੈਸਲਾ ਵਿਦਿਆਰਥੀਆਂ ਦੀ ਸਿਹਤ ਅਤੇ ਸਿੱਖਿਆ ਨੂੰ ਬਿਹਤਰ ਬਣਾਉਣ ਲਈ ਲਿਆ ਗਿਆ ਹੈ। ਪਹਿਲਾਂ ਜਨਵਰੀ ਮਹੀਨੇ ਵਿੱਚ ਸੰਘਣੀ ਧੁੰਦ ਅਤੇ ਠੰਡ ਕਾਰਨ ਸਕੂਲਾਂ ਦੇ ਸਮੇਂ ਵਿੱਚ ਬਦਲਾਅ ਕੀਤਾ ਗਿਆ ਸੀ, ਜਿਸ ਵਿੱਚ ਸਕੂਲ ਸਵੇਰੇ 10 ਵਜੇ ਖੁੱਲ੍ਹਦੇ ਸਨ। ਹੁਣ ਮਾਰਚ ਵਿੱਚ ਮੌਸਮ ਨਰਮ ਹੋਣ ਅਤੇ ਗਰਮੀ ਵਧਣ ਦੀ ਸੰਭਾਵਨਾ ਨੂੰ ਵੇਖਦੇ ਹੋਏ ਇਹ ਨਵਾਂ ਸਮਾਂ ਤੈਅ ਕੀਤਾ ਗਿਆ ਹੈ। ਸਿੱਖਿਆ ਵਿਭਾਗ ਨੇ ਸਾਰੇ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ ਕਿ ਇਹ ਨਵੇਂ ਹੁਕਮ ਤੁਰੰਤ ਲਾਗੂ ਕੀਤੇ ਜਾਣ।

ਇਸ ਬਦਲਾਅ ਨਾਲ ਮਾਪੇ ਅਤੇ ਵਿਦਿਆਰਥੀ ਆਪਣੀ ਰੁਟੀਨ ਵਿੱਚ ਥੋੜ੍ਹੀ ਤਬਦੀਲੀ ਕਰਨਗੇ। ਸਵੇਰੇ ਜਲਦੀ ਉੱਠਣਾ ਅਤੇ ਸਕੂਲ ਜਾਣਾ ਪਵੇਗਾ, ਪਰ ਦੁਪਹਿਰ ਨੂੰ ਛੁੱਟੀ ਮਿਲਣ ਨਾਲ ਘਰ ਵਿੱਚ ਆਰਾਮ ਅਤੇ ਹੋਮਵਰਕ ਲਈ ਵਧੇਰੇ ਸਮਾਂ ਮਿਲ ਸਕੇਗਾ। ਬਹੁਤ ਸਾਰੇ ਮਾਪੇ ਇਸ ਫੈਸਲੇ ਨੂੰ ਸਵਾਗਤਯੋਗ ਮੰਨ ਰਹੇ ਹਨ ਕਿਉਂਕਿ ਗਰਮੀ ਵਿੱਚ ਦੁਪਹਿਰ ਦੇ ਸਮੇਂ ਬੱਚਿਆਂ ਦੀ ਸਿਹਤ ਨੂੰ ਖ਼ਤਰਾ ਹੁੰਦਾ ਹੈ। ਸਰਕਾਰ ਨੇ ਇਹ ਵੀ ਯਕੀਨੀ ਬਣਾਇਆ ਹੈ ਕਿ ਸਕੂਲਾਂ ਵਿੱਚ ਪਾਣੀ ਅਤੇ ਹੋਰ ਸਹੂਲਤਾਂ ਦਾ ਪੂਰਾ ਧਿਆਨ ਰੱਖਿਆ ਜਾਵੇ।

ਇਸ ਖ਼ਬਰ ਨਾਲ ਪੰਜਾਬ ਦੇ ਲੱਖਾਂ ਵਿਦਿਆਰਥੀਆਂ ਦੀ ਰੋਜ਼ਾਨਾ ਜ਼ਿੰਦਗੀ ਉੱਤੇ ਅਸਰ ਪਵੇਗਾ। ਸਕੂਲ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੂੰ ਵੀ ਆਪਣੇ ਟਾਈਮ-ਟੇਬਲ ਵਿੱਚ ਇਹ ਬਦਲਾਅ ਲਿਆਉਣੇ ਪੈਣਗੇ। ਇਹ ਫੈਸਲਾ ਸਿੱਖਿਆ ਪ੍ਰਣਾਲੀ ਨੂੰ ਮੌਸਮ ਅਨੁਕੂਲ ਬਣਾਉਣ ਵੱਲ ਇੱਕ ਹੋਰ ਕਦਮ ਹੈ। ਜੇਕਰ ਤੁਸੀਂ ਪੰਜਾਬ ਵਿੱਚ ਰਹਿੰਦੇ ਹੋ ਅਤੇ ਤੁਹਾਡੇ ਬੱਚੇ ਸਰਕਾਰੀ ਸਕੂਲ ਵਿੱਚ ਪੜ੍ਹਦੇ ਹਨ ਤਾਂ 1 ਮਾਰਚ ਤੋਂ ਇਹ ਨਵਾਂ ਸਮਾਂ ਯਾਦ ਰੱਖੋ।

# *ਸਿੱਖਿਆ ਵਿਭਾਗ ਸੰਘਰਸ਼ ਕਮੇਟੀ ਪੰਜਾਬ ਦਾ ਵਫਦ ਸੁਨੀਲ ਜਾਖੜ ਨੂੰ ਮਿਲਿਆ



ਅਧਿਆਪਕਾਂ,ਮੁਲਾਜ਼ਮ ਦਾ ਵਫਦ ਸੁਨੀਲ ਜਾਖੜ ਨੂੰ ਮੰਗ ਪੱਤਰ ਸੌਂਪਦਾ ਤੇ ਇਸ ਤੋਂ ਪਹਿਲਾਂ ਜਾਣਕਾਰੀ ਸਾਂਝੀ ਕਰਦੇ ਹੋਏ ਆਗੂ। ।

ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨਤਾਰਨ,27 ਫਰਵਰੀ

ਅਧਿਆਪਕਾਂ,ਮੁਲਾਜ਼ਮਾਂ ਦੀਆਂ ਟੈਟ ਦੀ ਸ਼ਰਤ ਖਤਮ ਕਰਾਉਣ ਲਈ ਨੌਕਰੀਆਂ ਬਚਾਉਣ ਅਤੇ ਤਰੱਕੀਆਂ ਲਈ ਟੈਟ ਦੀ ਸ਼ਰਤ ਖਤਮ ਕਰਨ, ਲਈ ਸਿੱਖਿਆ ਵਿਭਾਗ ਸੰਘਰਸ਼ ਕਮੇਟੀ ਪੰਜਾਬ ਦੇ ਉਲੀਕੇ ਪ੍ਰੋਗਰਾਮ ਤਹਿਤ ਇੱਕ ਵਫਦ ਕੇਂਦਰੀ ਸਿੱਖਿਆ ਮੰਤਰੀ ਕੋਲ ਮੁੱਦਾ ਉਠਾਉਣ ਲ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੂੰ ਚੰਡੀਗੜ੍ਹ ਵਿਖੇ ਮਿਲਿਆ। ਇਸ ਮੌਕੇ ਕੀਤੀ ਮੀਟਿੰਗ*ਸਿੱਖਿਆ ਵਿਭਾਗ ਸੰਘਰਸ਼ ਕਮੇਟੀ ਪੰਜਾਬ ਦੇ ਆਗੂਆਂ ਹਰਜਿੰਦਰ ਪਾਲ ਸਿੰਘ ਪੰਨੂੰ(ਸੂਬਾ ਪ੍ਰਧਾਨ ਐਲੀਮੈਂਟਰੀ ਟੀਚਰਜ ਯੂਨੀਅਨ ਪੰਜਾਬ (ਰਜਿ:) , ਬਲਜਿੰਦਰ ਸਿੰਘ ਧਾਲੀਵਾਲ( ਸੂਬਾ ਪ੍ਰਧਾਨ ਮਾਸਟਰ ਕੇਡਰ ਯੂਨੀਅਨ ਪੰਜਾਬ ) ਦੀ ਅਗਵਾਈ ਹੇਠ ਅਧਿਆਪਕਾ,ਮੁਲਾਜ਼ਮਾਂ ਦੇ ਵਫਦ ਨਾਲ ਗੱਲਬਾਤ ਕਰਦਿਆਂ ਭਾਜਪਾ ਸੂਬਾ ਪ੍ਰਧਾਨ ਸੁਨੀਲ ਜਾਖੜ ਵੱਲੋ ਕਿਹਾ ਕਿ ਲੰਮਾ ਤਜਰਬਾ ਹਾਸਿਲ ਪੰਜਾਬ ਦੇ ਆਪਕਾਂ,ਮੁਲਾਜਮਾਂ ਦੀ ਟੈਟ ਦੀ ਸ਼ਰਤ ਖਤਮ ਕਰਨ ਦੀ ਜਾਇਜ ਮੰਗ ਨੂੰ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਕੋਲ ਉਠਾਕੇ ਜਲਦ ਹੱਲ ਕਰਾਉਣ ਲਈ ਅਰਡੀਨੈਂਸ ਜਾਰੀ ਕਰਾਉਣ ਦਾ ਭਰੋਸਾ ਦਿੱਤਾ ।ਉਨ੍ਹਾਂ ਕਿਹਾ ਕੇ ਪੰਜਾਬ ਦੇ ਵਫਦ ਦੀ ਮੀਟਿੰਗ ਕੇਂਦਰੀ ਸਿੱਖਿਆ ਮੰਤਰੀ ਨਾਲ ਵੀ ਤੈਅ ਕਰਵਾਈ ਜਾਵੇਗੀ । ਇਸ ਮੌਕੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦੀ ਮੰਗ ਪੱਤਰ ਪੇਸ਼ ਕਰਨ ਤੇ ਉਨ੍ਹਾਂ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲੀ ਲਈ ਵੀ ਕੇਂਦਰ ਕੋਲ ਮੰਗ ਉਠਾਉਣਗੇ। ਸਿੱਖਿਆ ਵਿਭਾਗ ਸੰਘਰਸ਼ ਕਮੇਟੀ ਦੇ ਆਗੂਆਂ ਵੱਲੋ ਇਸ ਭੱਖਦੇ ਮਸਲੇ ਦੇ ਹੱਲ ਲਈ ਕੇਂਦਰ ਤੱਕ ਪਹੁੰਚ ਕਰਨ ਲਈ ਸਾਰੇ ਪੰਜਾਬ ਦੇ ਭਾਰਤੀ ਜਨਤਾ ਪਾਰਟੀ ਦੇ ਜਿਲ੍ਹਾ ਪ੍ਰਧਾਨਾਂ ਰਾਹੀ ਪਹਿਲਾਂ ਹੀ ਮੰਗ ਪੱਤਰ ਪੇਸ਼ ਕੀਤੇ ਗਏ ਹਨ।ਮੁਲਾਜਮ ਟੈੱਟ ਦਾ ਵਿਰੋਧ ਜਾਰੀ ਰਹੇਗਾਸੰਘਰਸ਼ ਕਮੇਟੀ ਪੰਜਾਬ ਦੇ ਆਗੂਆਂ ਵੱਲੋਂ ਕਿਹਾ ਕਿ ਪੰਜਾਬ ਭਰ ਦੇ ਅਧਿਆਪਕ,ਮੁਲਾਜਮ ਟੈੱਟ ਦਾ ਪੂਰਨ ਬਾਈਕਾਟ ਰੱਖਣਗੇ।ਇਸ ਮੌਕੇ ਕਮੇਟੀ ਦੇ ਵਫਦ 'ਚ ਹਰਕ੍ਰਿਸ਼ਨ ਸਿੰਘ ਮੋਹਾਲੀ, ਗੁਰਮੀਤ ਸਿੰਘ ਭੁੱਲਰ, ਗੁਰਿੰਦਰ ਸਿੰਘ ਘੁੱਕੇਵਾਲੀ, ਦਲਜੀਤ ਸਿੰਘ ਸੱਭਰਵਾਲ, ਅਸ਼ੋਕ ਸਰਾਰੀ, ਜਗਨੰਦਨ ਸਿੰਘ ਫਾਜ਼ਿਲਕਾ, ਪਰਸ਼ੋਤਮ ਸਿੰਘ ਕੱਦਗਿੱਲ, ਹਰਜਿੰਦਰ ਸਿੰਘ ਕਰਨਾਵਲ, ਨੀਰਜ ਕੁਮਾਰ ਫਾਜ਼ਿਲਕਾ, ਸਮਸੇਰ ਸਿੰਘ ਮੋਗਾ, ਧਰਮਿੰਦਰ ਸਿੰਘ ਫਰੀਦਕੋਟ, ਗਗਨਦੀਪ ਸਿੰਘ, ਰਜਵੰਤ ਸਿੰਘ ਮੋਹਾਲੀ ਅਤੇ ਹੋਰ ਆਗੂ ਮੌਜੂਦ ਸਨ* ।



# ਵਿੱਚ ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਸੁਹਾਵਾ ਦੇ ਵਿਦਿਆਰਥੀਆਂ ਨੇ ਪਹਿਲੇ ਦਰਜੇ ਦੀ ਪ੍ਰੀਖਿਆ ਪਾਸ ਕੀਤੀ

## ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ 2100 ਰੁ: ਦਾ ਵਜੀਫਾ ਦਿੱਤਾ ਗਿਆ

ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਧਾਰਮਿਕ ਪ੍ਰੀਖਿਆ ਸਾਲ 2024 ਵਿੱਚ ਲਈ ਗਈ ਸੀ, ਜਿਸ ਵਿੱਚ ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਸੁਹਾਵਾ ਦੇ ਵਿਦਿਆਰਥੀਆਂ ਨੇ ਭਾਗ ਲਿਆ ਸੀ। ਉਸ ਪ੍ਰੀਖਿਆ ਦਾ ਨਤੀਜਾ ਆਇਆ ਹੈ ਜਿਸ ਵਿੱਚ ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਸੁਹਾਵਾ ਦੇ 2 ਅੱਠਵੀਂ, 1 ਛੇਵੀਂ ਕਲਾਸ ਦੇ ਵਿਦਿਆਰਥੀਆਂ ਨੇ ਪਹਿਲੇ ਦਰਜੇ ਦੀ ਪ੍ਰੀਖਿਆ ਪਾਸ ਕੀਤੀ ਹੈ ਉਹਨਾਂ ਵਿਦਿਆਰਥੀਆਂ ਨੂੰ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ 1100 ਰੁ: ਦਾ ਵਜੀਫਾ ਦਿੱਤਾ ਗਿਆ ਹੈ। ਇਸੇ ਤਰ੍ਹਾਂ 7 ਨੌਵੀਂ, 1 ਦੱਸਵੀਂ, 2 ਗਿਆਰਵੀਂ ਅਤੇ 2 ਬਾਰਵੀ ਕਲਾਸ ਦੇ ਵਿਦਿਆਰਥੀਆਂ ਨੇ ਦੂਜੇ ਦਰਜੇ ਦੀ ਪ੍ਰੀਖਿਆ ਪਾਸ ਕੀਤੀ ਹੈ, ਉਹਨਾਂ ਵਿਦਿਆਰਥੀਆਂ ਨੂੰ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ 2100 ਰੁ: ਦਾ ਵਜੀਫਾ ਦਿੱਤਾ ਗਿਆ ਹੈ। ਇਸ ਮੌਕੇ ਸੰਤ ਬਾਬਾ ਹਾਕਮ ਸਿੰਘ ਜੀ, ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਚਾਰਕ ਭਾਈ ਗੁਰਬਚਨ ਸਿੰਘ ਅਤੇ ਸਕੂਲ ਦੇ ਵਾਇਸ ਪ੍ਰਿੰਸੀਪਲ ਅਨਿਲ ਕੁਮਾਰ ਨੇ ਕੁੱਲ 15 ਬੱਚਿਆ ਨੂੰ ਨਗਦ ਵਜੀਫੇ ਦੀ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ। ਸਕੂਲ ਪ੍ਰਬੰਧਕ ਕਮੇਟੀ ਵਲੋਂ ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਇਸ ਸ਼ਲਾਗਾਯੋਗ ਉਪਰਾਲੇ ਦੀ ਪ੍ਰਸੰਸਾ ਅਤੇ ਧੰਨਵਾਦ ਕੀਤਾ ਗਿਆ।

# ਸੁੰਦਰ ਕਾਂਡ ਦੇ ਪਾਠ ਦੇ ਸੰਗਤਾਂ ਨੇ ਭਰੀਆਂ ਹਾਜ਼ਰੀਆਂ, ਸ਼੍ਰੀ ਰਾਮ ਚੰਦਰ ਜੀ ਦਾ ਕੀਤਾ ਗੁਣਗਾਨ



ਸੁੰਦਰ ਕਾਂਡ ਦੇ ਪਾਠ ਮੌਕੇ ਹਾਜ਼ਰ ਸੰਗਤ। ।

ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨ ਤਾਰਨ, 27 ਫਰਵਰੀ

ਸਮਾਜ ਸੇਵੀ ਰਜਿੰਦਰ ਬਾਵਾ ਅਤੇ ਉਨਾਂ ਦੇ ਪਰਿਵਾਰ ਵੱਲੋਂ ਭਗਵਾਨ ਸ਼੍ਰੀ ਰਾਮ ਚੰਦਰ ਜੀ ਦੀ ਮਹਿਮਾ ਦਾ ਗੁਣਗਾਨ ਕਰਨ ਲਈ ਸੁੰਦਰ ਕਾਂਡ ਦਾ ਪਾਠ ਕਰਵਾਇਆ ਗਿਆ। ਸੁੰਦਰ ਕਾਂਡ ਪਾਠ ਸਮਾਗਮ ਵਿੱਚ ਜੈ ਹਨੁਮਾਨ ਜੀ ਗਰੁੱਪ ਮੰਡਲੀ ਗਰੀਨ ਫੀਲਡ ਅਤੇ ਜੁੜੀਆਂ ਸੰਗਤਾਂ ਨੇ ਭਗਵਾਨ ਸ਼੍ਰੀ ਰਾਮ ਅਤੇ ਵੀਰ ਹਨੁਮਾਨ ਜੀ ਦੇ ਸੁੰਦਰ ਭਜਨਾਂ ਦਾ ਗਾਇਨ ਕੀਤਾ। ਇਸ ਮੌਕੇ ਰਜਿੰਦਰ ਬਾਵਾ, ਰਮਾ ਬਾਵਾ, ਕਰਨਵੀਰ ਬਾਵਾ, ਸੰਜਨਾ ਬਾਵਾ, ਰਾਜ ਰਾਣੀ, ਪਿੰਕੀ, ਰੂਪੇਸ਼ ਸ਼ਰਮਾ, ਵੀਨਾ ਸ਼ਰਮਾ, ਰਜਨੀ, ਸੋਨੂ ਦੁਆ, ਵੰਦਨਾ ਮਹਾਜਨ, ਸੋਨੀਆ, ਕਾਵੇਰੀ, ਸੰਤੋਸ਼, ਨਿਸ਼ੀ, ਰਜਨੀ ਗੌਂਦ, ਮੋਨਾ ਅਰੋੜਾ, ਸੁਧਾ ਅਗਨੀਹੋਤਰੀ, ਪ੍ਰਿੰਕਾ, ਕੋਮਲ, ਜੀਨੂੰ ਨੇ ਰਲ ਮਿਲ ਕੇ ਭਗਵਾਨ ਸ਼੍ਰੀ ਰਾਮ ਚੰਦਰ ਜੀ ਦੇ ਸੁੰਦਰ ਭਜਨਾਂ ਦਾ ਗਾਇਨ ਕੀਤਾ।



# ਰੇਹੜੀਆਂ ਹਟਾਉਣ ਲਈ ਸੇਵਿਅਰ ਕਲੱਬ ਨੇ ਦਿੱਤਾ ਮੇਅਰ ਨੂੰ ਮੰਗ ਪੱਤਰ

## ਆਲੇ ਦੁਆਲੇ ਫੈਲੀ ਭਿਆਨਕ ਗੰਦਗੀ ਨੂੰ ਦੂਰ ਕਰਵਾਉਣ ਦੇ ਲਈ ਮੇਅਰ ਕੁੰਦਨ ਗੋਗੀਆ ਨੂੰ ਮੰਗ ਪੱਤਰ ਸੌਂਪਿਆ ਗਿਆ

ਪਟਿਆਲਾ (ਚਮਨ ਸ਼ਰਮਾ) ਲੋਕ ਭਲਾਈ ਅਤੇ ਵਾਤਾਵਰਣ ਦੀ ਰੱਖਿਆ ਲਈ ਯਤਨਸ਼ੀਲ ਸੇਵੀਅਰ ਕਲੱਬ (ਰਜਿ) ਦੇ ਵੱਲੋਂ ਅਬਲੋਵਾਲ ਰਜਵਾਹੇ ਦੇ ਆਲੇ ਦੁਆਲੇ ਫੈਲੀ ਭਿਆਨਕ ਗੰਦਗੀ ਨੂੰ ਦੂਰ ਕਰਵਾਉਣ ਦੇ ਲਈ ਮੇਅਰ ਕੁੰਦਨ ਗੋਗੀਆ ਨੂੰ ਮੰਗ ਪੱਤਰ ਸੌਂਪਿਆ ਗਿਆ ਹੈ।ਕਲੱਬ ਦੇ ਪ੍ਰਧਾਨ ਪਵਨ ਗਰਗ ਨੇ ਦੱਸਿਆ ਕਿ ਇਸ ਦੌਰਾਨ ਮੇਅਰ ਸਾਹਿਬ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਨਾਭਾ ਰੋਡ ਤੇ ਦੂਰ ਦੁਰਾਡੇ ਤੋਂ ਚਾਰ ਪਹੀਆਂ ਵਾਹਨਾਂ/ ਰੇਹੜੀਆਂ ਵਿੱਚ ਸ਼ਬਜੀਆਂ ਅਤੇ ਹੋਰ ਚੀਜ਼ਾਂ ਲਿਆਕੇ ਵੇਚੀਆਂ ਜਾਂਦੀਆਂ ਹਨ। ਇਹਨਾਂ ਵਾਹਨਾਂ ਦੇ ਸੜਕ ਤੇ ਗਲਤ ਢੰਗ ਨਾਲ ਖੜੇ ਹੋਣ ਨਾਲ ਦੁਰਘਟਨਾਵਾਂ ਹੋ ਰਹੀਆ ਹਨ। ਇੰਨਾ ਹੀ ਨਹੀਂ ਇਹ ਲੋਕ ਆਪਣੀ ਸਾਰਾ ਗਲਿਆ ਸੜਿਆ ਸਮਾਨ ਅਤੇ ਪਲਾਸਟਿਕ ਦੇ ਲਿਫਾਫੇ ਰੋਜ਼ਾਨਾ ਉੱਥੇ ਹੀ ਸੁੱਟ ਰਹੇ ਹਨ।ਜਿਸ ਨਾਲ ਟਰੈਫਿਕ ਜਾਮ, ਸੀਵਰੇਜ਼ ਅਤੇ ਹੋਰ ਵਾਤਾਵਰਣ ਪ੍ਰਦੂਸ਼ਣ ਸਬੰਧੀ ਸਮੱਸਿਆਵਾ ਪੈਦਾ ਹੋ ਰਹੀਆ ਹਨ। ਜਦੋਂ ਮੇਅਰ ਸਾਹਿਬ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਦਾ ਕਲੱਬ ਵਾਤਾਵਰਣ ਦੀ ਸੁੱਧਤਾ ਦੇ ਲਈ ਹਰ ਐਤਵਾਰ ਦੋ ਘੰਟੇ ਸਫਾਈ ਕਰਦਾ ਹੈ ਤਾਂ ਉਹਨਾਂ ਨੇ ਤੁਰੰਤ ਸਬੰਧਤ ਵਿਭਾਗ ਦੇ ਅਫਸਰਾਂ ਨੂੰ ਫੋਨ ਕਰਕੇ ਨਜ਼ਾਇਜ ਰੇਹੜੀ ਵਾਲਿਆਂ ਤੇ ਕਾਰਵਾਈ ਕਰਨ ਦੇ ਸਖ਼ਤ ਨਿਰਦੇਸ਼ ਦਿੱਤੇ।ਉਹਨਾਂ ਕਿਹਾ ਕਿ ਸ਼ਹਿਰ ਵਿੱਚ ਗੰਦਗੀ ਫੈਲਾਉਣ ਵਾਲੇ ਅਤੇ ਨਜ਼ਾਇਜ ਰੇਹੜੀਆਂ ਲਗਾਉਣ ਵਾਲਿਆਂ ਨੂੰ ਕਿਸੇ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਮੇਅਰ ਕੁੰਦਨ ਗੋਗੀਆ ਨੇ ਸੇਵੀਅਰ ਕਲੱਬ ਵੱਲੋਂ ਚਲਾਈ ਜਾ ਰਹੀ ਸਫਾਈ ਅਭਿਆਨ ਦੀ ਪ੍ਰਸ਼ੰਸਾ ਕੀਤੀ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com